# ਚਟਾਨ ਤੋਂ ਸਦਾ-ਮੁਹੱਈਆ ਹੋਣ ਵਾਲਾ ਜਲ

ਅਸੀਂ ਅੱਜ ਸਵੇਰੇ ਪ੍ਰਭੂ ਪਰਮੇਸ਼ੁਰ ਦੀ ਮੌਜੂਦਗੀ ਲਈ ਸ਼ੁਕਰਗੁਜ਼ਾਰ ਹਾਂ, ਜੋ ਸਾਨੂੰ ਇੱਕ ਸੰਦੇਸ਼ ਦੇ ਕੇ ਸ਼ੁਰੂਆਤੀ ਸਭਾਵਾਂ ਸ਼ੁਰੂ ਕਰੇਗਾ, ਕਿ—ਕਿ ਅਸੀਂ ਉਸ ਦੇ ਸਾਹਮਣੇ "ਸੁਣੀਏ, ਆਦਰ ਕਰੀਏ", ਕਿਉਂਕਿ ਉਸ ਕੋਲ ਸਾਨੂੰ ਕਹਿਣ ਲਈ ਕੁਝ ਹੈ। ਮੈਨੂੰ ਯਕੀਨ ਹੈ ਕਿ ਉਹ ਉਹੀ ਕਰੇਗਾ ਜਿਸਦਾ ਉਸਨੇ ਵਾਅਦਾ ਕੀਤਾ ਹੈ। ਉਹ ਹਮੇਸ਼ਾ ਆਪਣੇ ਵਚਨ ਨੂੰ ਪੂਰਾ ਕਰਦਾ ਹੈ। ਅਤੇ ਇਸ ਲਈ ਅਸੀਂ ਅੱਜ ਸਵੇਰੇ ਇਕੱਠੇ, ਜਿਉਂਦੇ, ਅਤੇ ਅਨੰਤਾ ਦੇ ਇਸ ਪਾਸੇ ਇਕੱਠੇ ਹੋਣ ਲਈ ਸ਼ੁਕਰਗੁਜ਼ਾਰ ਹਾਂ, ਅਤੇ ਇਸ ਲਈ ਵੀ ਕਿ ਅਸੀਂ ਫਿਰ ਤੋਂ ਪ੍ਰਭੂ ਦੀ ਉਪਾਸਨਾ ਕਰਨ, ਅਤੇ ਆਪਣੇ ਆਪ ਨੂੰ ਇਕੱਠੇ ਕਰਨ ਅਤੇ ਉਸ ਤੋਂ ਸੁਣਨ ਦੇ ਯੋਗ ਹੋਏ ਹਾਂ। ਇਹੀ ਕਾਰਨ ਹੈ ਕਿ ਅਸੀਂ ਇਕੱਠੇ ਹੋਏ ਹਾਂ, ਜੋ ਇਸੇ ਉਦੇਸ਼ ਲਈ ਹੈ।

2 ਹੁਣ, ਮੈਂ ਇੱਕ ਖਾਸ ਸੁਪਨੇ ਦੇ ਕਾਰਨ, ਅੱਜ ਅਚਾਨਕ, ਭਾਈ ਨੇਵਿਲ ਕੋਲ ਆ ਧਮਕਿਆ। ਕਿ...ਮੈਂ...ਸੁਪਨਿਆਂ ਵਿੱਚ...ਯਕੀਨ ਕਰਦਾ ਹਾਂ। ਮੇਰਾ ਮੰਨਣਾ ਹੈ ਕਿ ਪਰਮੇਸ਼ੁਰ ਲੋਕਾਂ ਨਾਲ ਸੁਪਨਿਆਂ ਰਾਹੀਂ ਗੱਲ ਕਰਦਾ ਹੈ। ਅਤੇ ਮੈਂ ਇੱਕ ਬਹੁਤ ਹੀ ਅਨੋਖਾ ਸੁਪਨਾ ਦੇਖਿਆ, ਪਰਸੋਂ ਰਾਤ ਨੂੰ। ਕਿ, ਮੈਂ ਇੱਕ ਪਹਾੜੀ ਦੇ ਨਾਲ ਜਾ ਰਿਹਾ ਸੀ, ਕਿਸੇ ਪਹਾੜੀ ਦੇ, ਇੱਕ ਖਾਣ ਵਾਲੀ ਥਾਂ ਤੇ ਜਾ ਰਿਹਾ ਸੀ ਜਿੱਥੇ ਮੈਂ ਆਪਣਾ—ਆਪਣਾ ਰਾਤ ਦਾ ਭੋਜਨ ਖਾਣਾ ਸੀ। ਅਤੇ ਮੈਂ ਦੇਖਿਆ ਕਿ, ਜਿਵੇਂ ਹੀ ਮੈਂ ਉਸ ਜਗ੍ਹਾ ਦੇ ਨੇੜੇ ਪਹੁੰਚਿਆ, ਉਹ ਸੰਗੀਤ ਵਜਾ ਰਹੇ ਸਨ, ਇੱਕ ਆਰਕੈਸਟਰਾ ਸੰਗੀਤ ਵਜਾ ਰਿਹਾ ਸੀ, ਵਾਇਲਨ ਨਾਲ, ਅਤੇ ਭੋਜਨ ਖਾਂਦੇ ਹੋਏ ਲੋਕਾਂ ਦਾ ਮਨੋਰੰਜਨ ਕਰ ਰਹੇ ਸਨ। ਅਤੇ ਇਸ ਬਾਰੇ ਕੁਝ ਅਜਿਹਾ ਸੀ ਜੋ ਮੈਨੂੰ ਪਸੰਦ ਨਹੀਂ ਆਇਆ, ਇਸ ਲਈ ਮੈਂ ਇਸ ਚੀਜ਼ ਨੂੰ ਛੱਡ ਦਿੱਤਾ। ਅਤੇ ਮੈਂ ਇੱਕ ਪਹਾੜੀ ਉੱਤੇ ਆ ਰਹੇ ਇੱਕ ਵਿਅਕਤੀ ਨੂੰ ਮਿਲਿਆ। ਅਤੇ ਮੈਂ ਦੇਖਿਆ, ਅਤੇ ਪਹਾੜੀ ਉੱਤੇ ਬਹੁਤ ਸਾਰੇ ਲੋਕ ਇਸ ਭੋਜਨ ਕਰਨ ਵਾਲੀ ਥਾਂ ਤੇ ਆ ਰਹੇ ਸਨ। ਪਰ ਮੈਂ ਇੱਕ ਤਰ੍ਹਾਂ ਨਾਲ ਉਨ੍ਹਾਂ ਤੋਂ ਦੂਰ ਚਲਾ ਗਿਆ, ਸਿੱਧਾ ਸੱਜੇ ਜਾਂ ਖੱਬੇ ਪਾਸੇ ਮੁੜ ਗਿਆ।

3 ਅਤੇ ਕਿਸੇ ਤਰ੍ਹਾਂ, ਘਾਟੀ ਵਿੱਚ ਹੇਠਾਂ, ਮੈਂ ਡੇਰੇ ਨੂੰ ਦੇਖ ਸਕਦਾ ਸੀ। ਮੈਂ ਕਿਸੇ ਦੀ ਆਵਾਜ਼ ਸੁਣੀ, ਕਿਹਾ, "ਕਿਸੇ ਫਲਾਣੇ-ਫਲਾਣੇ ਚੌਕ ਤੇ ਭਾਈ ਬ੍ਰਨਹਾਮ ਨੂੰ

ਮਿਲੋ। ਉਹ ਉੱਥੇ ਪਹਾੜੀ ਤੋਂ ਹੇਠਾਂ ਆ ਰਿਹਾ ਹੈ। ਅਤੇ ਉਸ ਨੂੰ ਅਜਿਹੀ-ਅਤੇ-ਅਜਿਹੀ ਗੱਲ ਦੱਸੋ।" ਅਤੇ ਮੈਂ ਇਸ ਚੌਂਕ ਤੇ ਜਾਣ ਲਈ ਕਾਹਲੀ ਕੀਤੀ।

4 ਅਤੇ ਜਦੋਂ ਉਹ ਵਿਅਕਤੀ ਆਇਆ, ਤਾਂ ਇਹ ਭਾਈ ਨੇਵਿਲ ਸੀ ਜਿਸ ਨੇ ਆਪਣਾ ਭੂਰਾ ਸੂਟ ਪਾਇਆ ਹੋਇਆ ਸੀ, ਬਿਲਕੁਲ ਇੰਝ ਦਿਖਾਈ ਦੇ ਰਿਹਾ ਸੀ ਜਿਵੇਂ ਉਹ ਅੱਜ ਸਵੇਰੇ ਉੱਥੇ ਬੈਠਾ ਦਿਖਾਈ ਦੇ ਰਿਹਾ ਹੈ। ਅਤੇ ਉਸਨੇ ਕਿਹਾ, "ਭਾਈ ਬ੍ਰਾਨਹਮ, ਜੇ ਤੁਸੀਂ ਸ਼ਹਿਰ ਵਿੱਚ ਜਾ ਰਹੇ ਹੋ," ਕਿਹਾ, "ਤੁਹਾਡੇ ਲਈ ਹੇਠਾਂ ਆਉਣਾ ਇੱਕ—ਇੱਕ ਚੰਗੀ ਗੱਲ ਹੋਵੇਗੀ, ਕਿਉਂਕਿ ਭਾਈ ਹੈਂਕ..." ਹੁਣ, ਕੇਵਲ ਇੱਕ ਨੂੰ ਮੈਂ ਜਾਣਦਾ ਹਾਂ, ਭਾਈ ਹੈਂਕ, ਭਾਈ ਹੈਨਰੀ ਕਾਰਲਸਨ ਹੈ, ਅਸੀਂ ਉਸਨੂੰ ਹੈਂਕ ਕਹਿੰਦੇ ਹਾਂ। ਕਿਹਾ, "ਉਹ ਸੋਚ ਸਕਦਾ ਹੈ ਕਿ ਇਹ ਅਜੀਬ ਗੱਲ ਸੀ ਕਿ ਤੁਸੀਂ ਸ਼ਹਿਰ ਦੇ ਵਿੱਚ ਹੋਣ ਦੇ ਬਾਵਜੂਦ ਡੇਰੇ ਵਿੱਚ ਨਹੀਂ ਆਏ, ਜਾਂ ਕੁਝ ਦਿਨਾਂ ਲਈ ਸ਼ਹਿਰ ਦੇ ਆਲੇ ਦੁਆਲੇ ਸੀ।" ਮੈਂ ਜਾਗ ਪਿਆ।

5 ਅਤੇ, ਉਸ ਤੇ, ਮੈਂ ਅਜੀਬ ਜਿਹਾ ਮਹਿਸੂਸ ਕੀਤਾ। ਮੈਂ ਹਫ਼ਤੇ ਦੇ ਉਸ ਸਮੇਂ ਵਿੱਚ ਦੱਖਲ ਨਹੀਂ ਦੇਣੀ ਚਾਹੁੰਦਾ ਸੀ, ਜਦੋਂ ਤੱਕ ਮੈਂ ਭਾਈ ਨੇਵਿਲ ਨੂੰ ਨਹੀਂ ਪੁੱਛਿਆ ਕਿ ਕੀ ਉਸ ਕੋਲ ਅੱਜ ਸਵੇਰੇ, ਕਲੀਸਿਯਾ ਲਈ ਕੁਝ ਖਾਸ ਹੈ। ਇਸ ਲਈ ਉਹ ਮਿਹਰਬਾਨ ਸੀ, ਹਮੇਸ਼ਾ ਵਾਂਗ, ਕਿਹਾ, "ਹੇਠਾਂ ਆਓ।" ਇਸ ਲਈ, ਅਸੀਂ ਬਸ ਆ ਗਏ। ਮੈਂ ਕੱਲ੍ਹ ਦੁਪਹਿਰ ਨੂੰ ਉਸ ਨੂੰ ਦੇਰੀ ਨਾਲ ਬੁਲਾਇਆ, ਅਤੇ ਅੱਜ ਸਵੇਰੇ, ਇਹ ਸਾਡੇ ਦੋਹਾਂ ਲਈ ਅਚਾਨਕ ਸੀ।

6 ਹੁਣ ਮੈਨੂੰ ਵਿਸ਼ਵਾਸ ਹੈ ਕਿ ਇਹ ਇੱਕ ਚੰਗੀ ਗੱਲ ਹੋਵੇਗੀ, ਪਹਿਲਾਂ, ਬਸ ਇੱਕ ਤਰ੍ਹਾਂ ਨਾਲ ਕਿ—ਕਿ ਤੁਹਾਨੂੰ ਕੁਝ ਗੱਲਾਂ ਸਮਝਾਵਾਂ। ਮੈਂ, ਬਹੁਤ ਸਾਰੇ ਲੋਕਾਂ ਲਈ ਇੱਕ ਬਹੁਤ ਹੀ ਵਿਚਿਤ੍ਰ ਵਿਅਕਤੀ ਮੰਨਿਆ ਜਾਂਦਾ ਹਾਂ। ਅਤੇ ਮੈਂ ਆਪਣੇ ਲਈ ਵੀ ਇੱਕ ਵਿਚਿਤ੍ਰ ਵਿਅਕਤੀ ਹਾਂ। ਕਿਉਂਕਿ, ਮੈਂ ਜਿਨਾ ਹੋ ਸਕੇ, ਪਵਿੱਤਰ ਆਤਮਾ ਦੀ ਅਗਵਾਈ ਪਿੱਛੇ ਚੱਲਣ ਦੀ ਕੋਸ਼ਿਸ਼ ਕਰਦਾ ਹਾਂ। ਅਤੇ ਇਹ ਸਾਨੂੰ ਵਿਚਿਤ੍ਰ ਬਣਾਉਂਦਾ ਹੈ, ਵੇਖਿਆ। ਅਸੀਂ ਅਜਿਹੇ ਕੰਮ ਕਰਦੇ ਹਾਂ ਕਿ ਕਈ ਵਾਰ ਅਸੀਂ—ਅਸੀਂ ਸੱਚਮੁੱਚ ਬੈਠਦੇ ਹਾਂ ਅਤੇ ਹੈਰਾਨ ਹੁੰਦੇ ਹਾਂ, "ਮੈਂ ਅਜਿਹਾ ਕੰਮ ਕਿਉਂ ਕੀਤਾ? ਮੈਂ ਅਜਿਹੀ ਗੱਲ ਕਿਵੇਂ ਕੀਤੀ?" ਅਤੇ ਉਸੇ ਵੇਲੇ ਤੁਸੀਂ ਸੋਚ ਸਕਦੇ ਹੋ ਕਿ ਤੁਸੀਂ ਬਿਲਕੁਲ ਉਹੀ ਕੀਤਾ ਹੈ ਜੋ ਤੁਹਾਨੂੰ ਨਹੀਂ ਕਰਨਾ ਚਾਹੀਦਾ ਸੀ। ਪਰ ਜੇ ਤੁਸੀਂ ਧੀਰਜ ਰੱਖੋ, ਅਤੇ ਵਿਸ਼ਵਾਸ ਰੱਖੋ, ਅਤੇ ਤੁਹਾਨੂੰ ਯਕੀਨ ਹੈ ਕਿ ਪਰਮੇਸ਼ੁਰ ਨੇ ਤੁਹਾਡੀ ਅਜਿਹਾ ਕਰਨ ਲਈ ਅਗਵਾਈ ਕੀਤੀ ਹੈ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਇਹ ਬਿਲਕੁਲ ਸਹੀ ਕੰਮ ਕਰਦਾ ਹੈ। ਸਮਝੇ? ਅਤੇ ਇਹ ਕਈ ਵਾਰ ਸਾਨੂੰ ਇਹ ਪਤਾ ਲੱਗਿਆ ਹੈ। ਅਤੇ ਮੈਂ

ਜਾਣਦਾ ਹਾਂ ਕਿ ਭਾਈ ਨੇਵਿਲ ਨੇ ਕਈ ਵਾਰ ਇਹ ਪਾਇਆ ਹੈ। ਆਗੂ ਲੋਕ ਅਤੇ ਆਤਮਿਕ ਲੋਕਾਂ ਨੂੰ ਇਸਦਾ ਅਹਿਸਾਸ ਹੈ।

7 ਇਹ ਮੇਰੇ ਜੀਵਨ ਵਿੱਚ ਕੁਝ ਸਮੇਂ ਤੋਂ ਹੈ ਕਿ…ਸੱਚ ਕਹਾਂ ਤਾਂ, ਜਦੋਂ ਤੋਂ ਮੈਂ ਸਿਰਫ਼ ਇੱਕ ਮੁੰਡਾ ਹੀ ਸੀ, ਮੈਂ ਕਦੇ ਵੀ ਅਗਵਾਈ ਮਹਿਸੂਸ ਨਹੀਂ ਕੀਤੀ ਕਿ ਮੈਂ ਜੈਫਰਸਨਵਿਲ ਵਿੱਚ—ਵਿੱਚ ਰਹਾਂ। ਮੇਰੇ ਲਈ ਇੱਥੇ ਰਹਿਣ ਦੀ ਕੋਸ਼ਿਸ਼ ਕਰਨਾ ਹਮੇਸ਼ਾ ਮਰਹਮ ਵਿੱਚ ਮੱਖੀ ਵਾਂਗ ਰਿਹਾ ਹੈ। ਪਹਿਲੀ ਗੱਲ, ਮੌਸਮ ਬੁਰੀ ਤਰ੍ਹਾਂ ਮੇਰੇ ਨਾਲ ਰਾਜੀ ਨਹੀਂ ਹੈ। ਇਕ ਹੋਰ ਗੱਲ, ਇੰਝ ਜਾਪਦਾ ਹੈ ਜਿਵੇਂ ਆਤਮਾ ਇੱਥੇ ਉਦਾਸ ਹੈ।

8 ਜੇ ਤੁਸੀਂ ਵਾਪਸ ਜਾ ਕੇ ਇੱਥੇ ਕਿਤੇ ਵੇਖੋ, ਜੇ ਹੜ੍ਹ ਦੇ ਸਮੇਂ ਇਹ ਤਬਾਹ ਨਹੀਂ ਹੋਇਆ ਸੀ, ਇਸ ਦੇ ਲਈ ਇੱਕ ਪੱਤਰ ਹੈ, ਜੋ ਮੇਰੇ ਕੋਲ ਸੀ, ਜਦੋਂ ਮੈਂ ਪਹਿਲੀ ਵਾਰ ਸੇਵਕਾਈ ਲਈ ਬੁਲਾਇਆ ਗਿਆ ਸੀ, ਤਾਂ ਮੈਂ ਜਾਣ ਲੱਗਾ। ਅਤੇ ਭਾਈ ਜਾਰਜ ਡੀਆਰਕ ਅਤੇ ਮੈਂ…

9 ਅਤੇ ਭਾਈ ਗ੍ਰਾਹਮ ਸਨੇਲਿੰਗ ਦੀ ਮਾਂ, ਭਾਈ ਹਾਕਿੰਸ ਜੋ ਨਿਊ ਅਲਬੇਨੀ ਵਿੱਚ ਪਟਰੋਲ ਪੰਪ ਚਲਾਉਂਦੇ ਹਨ, ਅਤੇ ਬਹੁਤ ਸਾਰੇ ਲੋਕ, ਮੈਨੂੰ ਇੱਥੇ ਇੱਕ ਛੋਟੀ ਪ੍ਰਾਰਥਨਾ ਸਭਾ ਵਾਲੀ ਥਾਂ ਦੇ ਬਾਹਰ ਮਿਲੇ। ਅਤੇ ਇਹ ਵੀ ਕਿਹਾ, ਜੇ ਮੈਂ ਰੁਕਾਂਗਾ, ਤਾਂ ਇੱਕ ਡੇਰੇ ਨੂੰ ਬਣਾਉਣ ਲਈ—ਲਈ, ਉਹ ਆਪਣੇ ਬੱਚਿਆਂ ਤੋਂ ਡੇਰੇ ਦਾ ਕੰਮ ਕਰਾਉਣਗੇ, ਜਿਸ ਨਾਲ ਉਹਨਾਂ ਨੂੰ ਥਾਂ-ਥਾਂ ਲਿਜਾਣ ਦੀ ਲੋੜ ਨਹੀਂ ਪਵੇਗੀ।

10 ਜਦੋਂ ਮੈਂ ਉਸ ਮਾਂ ਨੂੰ ਸੁਣਿਆ, ਜਿਸਦੇ ਇੱਕ ਬੱਚੇ ਨੇ ਉਸਦਾ ਹੱਥ ਫੜਿਆ ਹੋਇਆ ਸੀ ਅਤੇ ਦੂਜਾ ਉਸਦੀ ਬਾਂਹ ਉੱਤੇ ਸੀ, ਕਹਿ ਰਹੀ ਸੀ ਕਿ ਉਹ ਡੇਰੇ ਵਿੱਚ ਆਪਣੇ ਬੱਚਿਆਂ ਤੋਂ ਕੰਮ ਕਰਾਉਣ ਲਈ ਤਿਆਰ ਹੈ, ਇੱਕ ਜਗ੍ਹਾ ਬਣਾਉਣ ਲਈ ਜਿੱਥੇ ਉਹ ਠਹਿਰ ਸਕਦੇ ਸਨ ਅਤੇ ਅਰਾਧਨਾ ਕਰ ਸਕਦੇ ਸਨ, ਮੇਰੇ ਲਈ ਇਸ ਨੂੰ ਝੱਲਣਾ ਬਹੁਤ ਜ਼ਿਆਦਾ ਔਖਾ ਸੀ। ਇਸ ਲਈ ਭਾਈ ਜੌਰਜ ਅਤੇ ਮੈਂ ਇਕੱਠੇ ਹੋ ਗਏ ਅਤੇ ਫ਼ੈਸਲਾ ਕੀਤਾ ਕਿ ਅਸੀਂ ਠਹਿਰਾਂਗੇ ਅਤੇ ਡੇਰਾ ਬਣਾਵਾਂਗੇ।

11 ਅਤੇ ਜਦੋਂ ਡੇਰਾ ਬਣਾਇਆ ਗਿਆ ਸੀ, ਇਹ ਹਮੇਸ਼ਾ ਪ੍ਰਤੀਤ ਹੁੰਦਾ…ਜਿਸ ਸਵੇਰ ਮੈਂ ਡੇਰੇ ਨੂੰ ਸਮਰਪਿਤ ਕੀਤਾ, ਇੱਕ ਦਰਸ਼ਣ ਆਇਆ, ਜੋ ਲਿਖਿਆ ਹੋਇਆ ਹੈ ਅਤੇ ਉੱਥੇ ਖੂੰਜੇ ਦੇ ਪੱਥਰ ਵਿੱਚ ਹੈ, ਜਦੋਂ ਪਵਿੱਤਰ ਆਤਮਾ ਨੇ ਮੈਨੂੰ ਕਿਹਾ, "ਇਹ ਤੇਰਾ ਡੇਰਾ ਨਹੀਂ ਹੈ।" ਸਮਝੇ? ਅਤੇ ਮੈਂ ਪੁੱਛਿਆ ਕਿ ਮੇਰਾ ਡੇਰਾ ਕਿੱਥੇ ਹੈ, ਅਤੇ ਉਸਨੇ ਮੈਨੂੰ ਚਮਕਦਾਰ ਨੀਲੇ ਅਸਮਾਨ ਹੇਠਾਂ ਬਿਠਾ ਦਿੱਤਾ। ਅਤੇ ਫਿਰ ਉਸਨੇ ਕਿਹਾ, "ਇੱਕ ਪ੍ਰਚਾਰਕ ਦਾ ਕੰਮ ਕਰ," ਅਤੇ

ਵਗੈਰਾ ਵਗੈਰਾ, ਜਿਵੇਂ ਤੁਸੀਂ ਜਾਣਦੇ ਹੋ। ਇਹ ਕਿਤਾਬਾਂ ਵਿੱਚ ਵੀ ਲਿਖਿਆ ਹੋਇਆ ਹੈ।

12 ਉਹ ਸਾਰੀਆਂ ਚੀਜ਼ਾਂ ਇਕੱਠੀਆਂ ਰੱਖ ਦਿੱਤੀਆ। ਅਤੇ ਇੱਕ ਦਿਨ ਜਦੋਂ ਮੈਂ ਉੱਥੇ ਵਿਹੜੇ ਵਿੱਚ ਘਾਹ ਕੱਟ ਰਿਹਾ ਸੀ ਜਿੱਥੇ ਹੁਣ ਭਾਈ ਵੁੱਡ ਰਹਿੰਦਾ ਹੈ, ਅਤੇ ਮੇਰੀ ਸੱਸ ਉਸ ਸਮੇਂ ਉੱਥੇ ਰਹਿੰਦੀ ਸੀ; ਮੈਂ ਪਿਛਲੀ ਪੌੜੀ ਤੇ ਬੈਠਾ ਹੋਇਆ ਸੀ, ਇੱਕ ਛੋਟੀ ਜਿਹੀ ਪੁਰਾਣੀ ਸੀਮੇਂਟ ਦੀ ਪੌੜੀ ਸੀ, ਜੋ ਮੈਂ ਇਹ ਛੋਟੀ ਜਿਹੀ ਜਗ੍ਹਾ ਆਪਣੀ ਸੱਸ ਲਈ ਬਣਾਈ ਸੀ। ਅਤੇ ਉਹ ਉਸ ਸਮੇਂ ਕਲੀਸਿਯਾ ਦੀ ਨਿਗਰਾਨ ਸੀ, ਇਸਦੀ ਦੇਖਭਾਲ ਕਰ ਰਹੀ ਸੀ। ਅਤੇ ਕੋਈ ਜਿੰਨਾ ਵੀ ਸਪੱਸ਼ਟ ਬੋਲ ਸਕਦਾ ਹੈ, ਇੱਕ ਆਵਾਜ਼ ਨੇ ਮੇਰੇ ਨਾਲ ਗੱਲ ਕੀਤੀ, ਕਿਹਾ, "ਜਿੰਨਾ ਚਿਰ ਤੂੰ ਇੱਥੇ ਰਹੇਂਗਾ ਮੈਂ ਤੈਨੂੰ ਕਦੇ ਵੀ ਅਸੀਸ ਨਹੀਂ ਦੇ ਸਕਦਾ। ਤੈਨੂੰ ਆਪਣੇ ਲੋਕਾਂ ਅਤੇ ਇਸ ਸਥਾਨ ਤੋਂ ਆਪਣੇ ਆਪ ਨੂੰ ਵੱਖ ਕਰਨਾ ਹੋਵੇਗਾ।" ਖੈਰ, ਮੈਂ, ਜਿਸਨੇ ਲਗਭਗ ਇੱਕ ਹਫ਼ਤੇ ਜਾਂ ਇਸ ਤੋਂ ਵੱਧ ਸਮੇਂ ਲਈ ਮੈਨੂੰ ਪਾੜ ਕੇ ਟੋਟੇ-ਟੋਟੇ ਕਰ ਦਿੱਤਾ।

13 ਲਗਾਤਾਰ, ਹਰ ਸਮੇਂ, ਕਿਸੇ ਚੀਜ਼ ਨੇ ਮੈਨੂੰ ਚੇਤਾਵਨੀ ਦਿੱਤੀ ਹੈ, "ਚਲੇ ਜਾਓ, ਚਲੇ ਜਾਓ। ਪੱਛਮ ਵੱਲ ਵਧੋ। ਪੱਛਮ ਵੱਲ ਜਾਂਦੇ ਰਹੋ।" ਖੈਰ, ਮੈਨੂੰ… ਇਹ ਹਮੇਸ਼ਾ ਮੈਨੂੰ ਪਰੇਸ਼ਾਨ ਕਰਦਾ ਹੈ। ਅਤੇ ਹਰ ਵਾਰ ਦੀ ਤਰ੍ਹਾਂ ਦਿਖਾਈ ਦਿੰਦਾ ਹੈ…

14 ਹੁਣ, ਮੈਂ ਆਪਣੇ ਮਨ ਵਿੱਚ ਇਹ ਸਪੱਸ਼ਟ ਕਰ ਲਿਆ ਸੀ ਕਿ ਇਸ ਹਫ਼ਤੇ ਮੈਂ ਟਯੂਸਾਨ ਲਈ ਉਡਾਣ ਭਰ ਰਿਹਾ ਸੀ, ਜਿੱਥੇ ਮੈਂ ਇੱਕ ਜਗ੍ਹਾ ਕਿਰਾਏ ਤੇ ਲੈਣੀ ਸੀ, ਇਨ੍ਹਾਂ ਸਰਦੀਆਂ ਵਿੱਚ ਉੱਥੇ ਹੋਣਾ ਸੀ; ਸਤੰਬਰ ਵਿੱਚ ਸ਼ੁਰੂ ਹੋਣ ਵਾਲੇ ਸਕੂਲ ਵਿੱਚ ਬੱਚਿਆਂ ਨੂੰ ਪਾਉਣ ਲਈ। ਮੇਰੇ ਕੋਲ ਜਗ੍ਹਾ ਸੀ। ਉੱਥੇ ਵੀ ਮੈਨੂੰ ਇੱਕ ਜਗ੍ਹਾ ਦਿੱਤੀ ਗਈ ਸੀ। ਪਰ ਕੁਝ ਅਜਿਹਾ ਹੈ ਜੋ…ਅਤੇ—ਅਤੇ ਜੇਕਰ ਮੈਂ ਚਲਾ ਗਿਆ…

15 ਇਕ ਹੋਰ ਗੱਲ ਜੋ ਮੈਂ ਕਹਿਣਾ ਚਾਹਾਂਗਾ। ਇਸ ਤੋਂ ਪਹਿਲਾਂ ਕਿ ਅਸੀਂ ਇਸ ਘਰ ਨੂੰ ਇੱਥੇ ਬਣਾਉਂਦੇ, ਪਾਸਟਰ ਦੇ ਨਿਵਾਸ ਸਥਾਨ ਨੂੰ, ਜਿੱਥੇ ਇਹ ਹੁਣ ਹੈ, ਮੈਂ ਉੱਥੇ ਨਹੀਂ ਬਣਾਉਣਾ ਚਾਹੁੰਦਾ ਸੀ। ਮੇਰੀ ਪਤਨੀ ਦੀ ਮਾਂ ਬਜ਼ੁਰਗ ਸੀ। ਅਤੇ ਉਹ ਇਸ ਬਾਰੇ ਰੋਈ ਵੀ, ਉਸ ਨੇ ਕਿਹਾ, "ਮੈਂ ਮਾਂ ਨੂੰ ਇੱਥੇ ਨਹੀਂ ਛੱਡ ਸਕਦੀ, ਇਹ ਜਾਣਦੇ ਹੋਏ ਕਿ ਉਹ ਬਜ਼ੁਰਗ ਹੈ, ਅਤੇ ਹੋ ਸਕਦਾ ਹੈ ਕਿ ਉਸਦੀ ਦੇਖਭਾਲ ਨਾ ਕੀਤੀ ਜਾ ਸਕੇ।" ਖੈਰ, ਮੈਂ ਇਹ ਸਮਝ ਗਿਆ। ਮੈਂ ਸੱਮਝਦਾ ਹਾਂ। ਉਹ ਉਸਦੀ ਮਾਂ ਹੈ, ਅਤੇ ਉਹੀ ਇੱਕੋ ਇੱਕ ਮੈਂ ਹੈ ਜੋ ਉਸ ਕੋਲ ਸੀ, ਜਾਂ ਕਦੇ ਹੋਵੇਗੀ। ਇਸ ਲਈ, ਮੈਂ ਇਹ ਸਮਝ ਗਿਆ। ਇਸਲਈ ਮੈਂ—ਮੈਂ

ਪ੍ਰਭੂ ਅੱਗੇ ਪ੍ਰਾਰਥਨਾ ਕੀਤੀ, ਮੈਂ ਕਿਹਾ, “ਪ੍ਰਭੂ, ਮੈਂ ਇਸ ਜਗ੍ਹਾ ਨੂੰ ਪਸੰਦ ਨਹੀਂ ਕਰਦਾ,” ਮੈਂ ਕਿਹਾ, “ਮੈਨੂੰ ਸੰਤੁਸ਼ਟ ਕਰੋ। ਜਿੱਥੇ ਵੀ ਤੁਸੀਂ ਚਾਹੁੰਦੇ ਹੋ ਮੈਂ ਕਿਤੇ ਵੀ ਜਾਵਾਂਗਾ, ਕਿਸੇ ਵੀ ਜਗ੍ਹਾ ਤੋਂ। ਪਰ ਮੈਂ ਆਪਣੀ ਪਤਨੀ ਨੂੰ ਉਦਾਸ ਨਹੀਂ ਕਰਨਾ ਚਾਹੁੰਦਾ, ਉਸਨੂੰ ਇੱਥੋਂ ਇੱਕ ਅਜੀਬ ਦੇਸ਼ ਵਿੱਚ ਲੈ ਜਾਣਾ, ਜਿੱਥੇ ਉਹ ਕਿਸੇ ਨੂੰ ਵੀ ਨਹੀਂ ਜਾਣਦੀ। ਅਤੇ ਫਿਰ ਮੈਂ ਹਰ ਸਮੇਂ ਬਾਹਰ ਹੋਵਾਂਗਾ, ਜੋ ਵੀ ਹੋਵੇ। ਬੱਸ ਮੈਨੂੰ ਉਸਦੇ ਨਾਲ ਇੱਥੇ ਰਹਿਣ ਲਈ ਸੰਤੁਸ਼ਟੀ ਦਿਓ।”

16 ਅਤੇ ਹੁਣ, ਜਦੋਂ ਉਸਦੀ ਮਾਂ ਨੂੰ ਲੈ ਲਿਆ ਗਿਆ ਹੈ, ਅਤੇ ਉਹ ਮਹਿਮਾ ਵਿੱਚ ਚਲੀ ਗਈ ਹੈ, ਵੇਖੋ, ਹੁਣ ਅੱਗੇ ਵਧਣ ਲਈ ਪ੍ਰੇਰਣਾ ਦੁਬਾਰਾ ਆਉਂਦੀ ਹੈ। ਮੈਨੂੰ ਨਹੀਂ ਪਤਾ ਕਿ ਕੀ ਕਰਨਾ ਹੈ।

17 ਅਤੇ ਫਿਰ ਉਸ ਦਿਨ ਜਦੋਂ ਇਹ ਸਿਧਾਂਤ ਜੋ ਭਾਈਆਂ ਨੇ ਉੱਥੇ ਸ਼ੁਰੂ ਕੀਤਾ ਸੀ, ਪਿਛਲੀ ਵਾਰ ਜਦੋਂ ਮੈਂ ਇੱਥੇ ਸੀ ਤਾਂ ਮੈਂ ਮੰਚ ਤੋਂ ਖੜ੍ਹਾ ਹੋਇਆ ਸੀ ਅਤੇ ਤੁਹਾਨੂੰ ਦੱਸਿਆ ਸੀ ਕਿ ਜਦੋਂ ਤੱਕ ਇਹ ਚੱਲੇਗਾ ਮੈਂ ਸੇਵਾ ਖੇਤਰ ਵਿੱਚ ਨਹੀਂ ਰਹਾਂਗਾ। ਇਸ ਲਈ, ਭਾਈਆਂ ਨੇ ਸਲੀਕੇ ਨਾਲ ਉਹ ਸਭ ਸਹੀ ਕਰ ਲਿਆ ਸੀ। ਇਹ ਸਭ ਸਾਫ਼ ਹੋ ਗਿਆ ਹੈ। ਚੌਵੀ ਘੰਟਿਆਂ ਦੇ ਅੰਦਰ, ਸਭ ਕੁਝ ਖਤਮ ਹੋ ਗਿਆ ਸੀ।

18 ਹੁਣ ਇਹ ਮੇਰੇ ਲਈ ਦੁਬਾਰਾ ਸੇਵਾ ਖੇਤਰ ਨੂੰ ਖੋਲ੍ਹਦਾ ਹੈ। ਮੈਨੂੰ ਨਹੀਂ ਪਤਾ ਕਿ ਕੀ ਕਰਨਾ ਹੈ। ਮੈਨੂੰ ਨਹੀਂ ਪਤਾ ਕਿ ਕਿਸ ਪਾਸੇ ਮੁੜਨਾ ਹੈ। ਮੈਂ ਪ੍ਰਭੂ ਤੋਂ ਦਰਸ਼ਨ ਮੰਗਿਆ ਹੈ। ਮੈਂ ਉਸ ਤੋਂ ਪੁੱਛਿਆ ਹੈ ਕਿ ਮੈਨੂੰ ਕੀ ਕਰਨਾ ਚਾਹੀਦਾ ਹੈ। ਪਰ ਉਹ ਮੈਨੂੰ ਬਸ ਬੈਠੇ ਰਹਿਣ ਲਈ ਕਹਿੰਦਾ ਹੈ।

19 ਹੁਣ, ਬੀਤੀ ਰਾਤ ਜਦੋਂ ਮੈਂ ਸਾਰੇ ਬੱਚੇ ਦੂਰ ਭੇਜ ਦਿੱਤੇ, ਮੇਰੀ ਪਤਨੀ ਅਤੇ ਸਾਰੇ, ਘਰ ਤੋਂ, ਮੈਂ ਪ੍ਰਭੂ ਪਰਮੇਸ਼ੁਰ ਦੇ ਨਾਲ ਵਾਦਾ ਕੀਤੀ ਸੀ। ਅਤੇ ਮੈਂ ਯਹੋਵਾਹ ਪਰਮੇਸ਼ੁਰ ਨੂੰ ਆਖਿਆ, “ਜਿਹੜੇ ਰਾਹ ਮੈਂ ਜਾਂਦਾ ਹਾਂ ਜੇਕਰ ਤੁਸੀਂ ਉਸ ਵਿੱਚ ਮੈਨੂੰ ਅਸੀਸ ਦਿਓਗੇ, ਤਾਂ ਮੈਂ ਤੁਹਾਡੀ ਸੇਵਾ ਕਰਾਂਗਾ। ਪਰ ਤੁਹਾਨੂੰ ਮੈਨੂੰ ਇਹ ਦਿਖਾਉਣਾ ਪਵੇਗਾ ਕਿ ਕਿੱਥੇ ਜਾਣਾ ਹੈ, ਅਤੇ ਕਿਵੇਂ ਜਾਣਾ ਹੈ, ਅਤੇ ਕੀ ਕਰਨਾ ਹੈ।” ਇਸ ਲਈ, ਮੈਂ ਆਪਣੇ ਆਪ ਨੂੰ ਪ੍ਰਭੂ ਨੂੰ ਸਮਰਪਿਤ ਕਰ ਦਿੱਤਾ ਹੈ। ਉਸ ਸੇਵਕਾਈ ਅਤੇ ਸਭ ਦੇ—ਦੇ ਨਾਲ, ਮੈਂ ਇਸਨੂੰ ਪ੍ਰਭੂ ਨੂੰ ਸੌਂਪ ਦਿੱਤਾ ਹੈ। ਅਤੇ ਮੈਂ ਕਿਹਾ, “ਜਿੱਥੇ ਵੀ ਤੁਸੀਂ ਖੋਲ੍ਹੋਗੇ, ਜੋ ਕੁਝ ਵੀ ਤੁਸੀਂ ਕਰੋਗੇ, ਮੈਂ ਉਸੇ ਰਾਹ ਤੁਰਾਂਗਾ। ਜਦੋਂ ਤੱਕ ਤੁਸੀਂ ਕੋਈ ਰਸਤਾ ਨਹੀਂ ਬਣਾਉਂਦੇ, ਮੈਂ ਉਸੇ ਤਰ੍ਹਾਂ ਜਾਰੀ ਰਹਾਂਗਾ ਜਦੋਂ ਤੱਕ ਤੁਸੀਂ ਰਸਤਾ ਨਹੀਂ ਬਣਾਉਂਦੇ।” ਅਤੇ ਮੈਂ ਉਸਨੂੰ ਇਹ ਇੰਨਾ ਸਪੱਸ਼ਟ ਕਰਨ ਲਈ ਕਿਹਾ ਕਿ ਮੈਂ ਉਦੋਂ ਧੋਖਾ ਨਾ ਖਾਵਾਂ, ਕਿਉਂਕਿ ਮੈਂ ਸੱਚਮੁੱਚ ਵਿਸ਼ਵਾਸ ਕਰਦਾ ਹਾਂ ਕਿ ਅਸੀਂ ਬਿਲਕੁਲ ਉਸ ਚੁਰਾਹੇ

ਤੇ ਹਾਂ ਜਿੱਥੇ ਕੁਝ ਹੋਣ ਵਾਲਾ ਹੈ।

20 ਅੱਜ ਸਵੇਰੇ ਮੈਂ ਇੱਥੇ ਭਾਈ ਨੇਵਿਲ ਦੁਆਰਾ ਭਵਿੱਖਬਾਣੀ ਰਾਹੀਂ ਸੁਣਿਆ, ਜਾਂ ਇਸ ਨੂੰ ਦਿੱਤਾ ਜਿੱਥੇ ਮੈਨੂੰ ਪਤਾ ਸੀ ਕਿ ਇਹ ਸੀ—ਇਹ ਇੱਕ ਭਵਿੱਖਬਾਣੀ ਸੀ ਜਿਸਦਾ ਉਹ ਜ਼ਿਕਰ ਕਰ ਰਿਹਾ ਸੀ। ਹੁਣ, ਇਸ ਲਈ, ਮੈਂ ਤੁਹਾਡੇ ਸਾਰਿਆਂ ਲਈ ਪ੍ਰਾਰਥਨਾ ਕੀਤੀ ਹੈ, ਅਤੇ ਮੈਨੂੰ ਲੋੜ ਹੈ ਕਿ ਤੁਸੀਂ ਸਾਰੇ ਮੇਰੇ ਲਈ ਪ੍ਰਾਰਥਨਾ ਕਰੋ, ਤਾਂ ਜੋ ਪਵਿੱਤਰ ਆਤਮਾ ਮੈਨੂੰ ਬਿਲਕੁਲ ਉਸੇ ਥਾਂ ਲੈ ਜਾਵੇ ਜਿੱਥੇ ਮੈਨੂੰ ਜਾਣਾ ਚਾਹੀਦਾ ਹੈ, ਜੋ ਮੈਨੂੰ ਕਰਨਾ ਚਾਹੀਦਾ ਹੈ, ਤਾਂ ਜੋ ਮੈਂ ਕੋਈ ਗਲਤੀ ਨਾ ਕਰਾਂ।

21 ਤੁਸੀਂ ਵੇਖੋ, ਕਈ ਵਾਰ, ਲੋਕ ਸੋਚਦੇ ਹਨ ਕਿ ਇੱਕ ਭਵਿੱਖਬਾਣੀ ਦਾ ਦਾਨ ਇਹ ਹੈ, ਕਿ ਪਰਮੇਸ਼ੁਰ ਬਸ ਕਹਿੰਦਾ ਹੈ "ਮੈਂ ਤੁਹਾਨੂੰ ਬਿਲਕੁਲ *ਇੱਥੋਂ* ਚੁੱਕਾਂਗਾ, ਅਤੇ ਤੁਹਾਨੂੰ *ਇੱਥੇ* ਬਿਠਾਵਾਂਗਾ। ਹੁਣ ਤੁਸੀਂ ਬਸ *ਇੱਥੇ* ਚਲੇ ਜਾਓ।" ਅਤੇ ਉਹ ਤੁਹਾਨੂੰ ਉਹ ਸਾਰੀਆਂ ਗੱਲਾਂ ਨਹੀਂ ਦੱਸਦਾ। ਜੇ ਉਸ ਦੱਸੇ, ਤਾਂ ਤੁਹਾਡੇ ਕੋਲ ਕਿਹੜੀ ਜਿੱਤ ਪਾਉਣ ਵਾਲੀ ਨਿਹਚਾ ਸੀ? ਸਮਝੇ? ਦੇਖੋ, ਤੁਸੀਂ, ਉਹ ਤੁਹਾਨੂੰ ਕਿਸੇ ਹੋਰ ਨਾਲੋਂ ਜ਼ਿਆਦਾ ਇਕੱਲੇ ਖੜ੍ਹੇ ਰਹਿਣ ਦਿੰਦਾ ਹੈ। ਸਮਝੇ? ਤੁਸੀਂ ਸਾਰੇ ਮੇਰੇ ਕੋਲ ਆ ਸਕਦੇ ਹੋ ਅਤੇ ਕੁਝ ਚੀਜ਼ਾਂ ਲਈ ਪੁੱਛ ਸਕਦੇ ਹੋ, ਅਤੇ ਉਹ ਅਜੇ ਤੱਕ ਕਦੇ ਅਸਫਲ ਨਹੀਂ ਹੋਇਆ ਪਰ ਉਹ ਤੁਹਾਨੂੰ ਜਵਾਬ ਦਿੰਦਾ ਹੈ। ਇਹ ਠੀਕ ਹੈ। ਹਾਂ। ਪਰ ਮੈਂ ਉਸ ਤੋਂ ਆਪਣੇ ਲਈ ਚੀਜ਼ਾਂ ਲਈ ਪੁੱਛ ਸਕਦਾ ਹਾਂ, ਅਤੇ ਕਈ ਵਾਰ ਉਸਨੇ ਮੈਨੂੰ ਇਕੱਲਾ ਛੱਡ ਦਿੱਤਾ, ਵੇਖੋ, ਬੱਸ ਮੈਨੂੰ ਅੱਗੇ ਵਧਣ ਦਿੰਦਾ ਹੈ ਅਤੇ ਇਸ ਵਿੱਚ ਜਾਣ ਦਿੰਦਾ ਹੈ।

22 ਮੇਰੇ ਕੋਲ ਹੁਣ ਚੀਜ਼ਾਂ ਹਨ ਜੋ ਮੈਨੂੰ ਆਪਣੇ ਆਪ ਨੂੰ ਹੱਲ ਕਰਨੀਆਂ ਪੈਣਗੀਆਂ, ਅਤੇ ਮੈਨੂੰ ਫੈਸਲੇ ਲੈਣੇ ਪੈਣਗੇ। ਅਤੇ ਇਹ ਇੰਨਾ ਮਹੱਤਵਪੂਰਣ ਹੈ, ਇੱਥੋਂ ਤੱਕ ਮੈਂ ਇਸਨੂੰ ਬਿਲਕੁਲ ਨਹੀਂ ਕਰ ਸਕਦਾ ਜਦੋਂ ਤੱਕ ਮੈਨੂੰ ਯਕੀਨ ਨਹੀਂ ਹੁੰਦਾ ਕਿ ਉਹੀ ਮੇਰੇ ਨਾਲ ਗੱਲ ਕਰ ਰਿਹਾ ਹੈ। ਅਤੇ ਮੈਂ—ਮੈਂ…ਉਹ ਮੈਨੂੰ ਦਰਸ਼ਨ ਨਹੀਂ ਦੇ ਰਿਹਾ। ਉਹ ਮੈਨੂੰ ਇਕੱਲਾ ਛੱਡ ਦਿੰਦਾ ਹੈ। ਇਸ ਲਈ ਮੈਂ ਬਸ ਇੱਕ ਅਨਾਥ ਦੇ ਵਾਂਗ ਬੈਠਾ ਹੋਇਆ ਹਾਂ, ਜਿਵੇਂ, ਅੱਜ ਸਵੇਰੇ, ਮੈਨੂੰ—ਮੈਨੂੰ ਨਹੀਂ ਪਤਾ ਕਿ ਕਿਸ ਪਾਸੇ ਮੁੜਨਾ ਹੈ। ਇਸ ਲਈ, ਮੈਂ ਇਸ ਨੂੰ ਪ੍ਰਭੂ ਨੂੰ ਸੌਂਪ ਦਿੱਤਾ ਹੈ।

23 ਮੈਨੂੰ—ਮੈਨੂੰ ਉਦੋਂ ਸੁਪਨੇ ਵਿੱਚ ਲੱਗਾ ਜਿਵੇਂ, ਮੈਨੂੰ ਇੱਥੇ ਡੇਰੇ ਵਿੱਚ ਵਾਪਸ ਆ ਜਾਣਾ ਚਾਹੀਦਾ ਹੈ ਅਤੇ ਭਾਈ ਨੇਵਿਲ ਦੀ ਮਦਦ ਕਰਾਂ ਜਦੋਂ ਤੱਕ ਰਾਹ ਵਿੱਚ ਕੁੱਝ ਹੋਰ ਦਿਖਾਈ ਨਾ ਦਵੇ। ਇਸ ਲਈ, ਮੈਂ ਨਾਲ ਰਹਾਂਗਾ।

24 ਮੈਂ ਕੁਝ ਪਲ ਪਹਿਲਾਂ ਭਾਈ ਨੇਵਿਲ ਨੂੰ ਪੁੱਛਿਆ, "ਕਲੀਸਿਯਾ ਕਿਵੇਂ

ਤਰੱਕੀ ਕਰ ਰਹੀ ਸੀ?"

ਅਤੇ ਉਸਨੇ ਕਿਹਾ, "ਚੰਗੀ।"

25 ਅਤੇ ਇਸ ਲਈ ਮੈਂ ਸੁਣਦਾ ਹਾਂ ਕਿ ਤੁਹਾਡੇ ਕੋਲ ਅਜੇ ਵੀ ਆਤਮਿਕ ਦਾਨ ਅਤੇ ਚੀਜ਼ਾਂ ਹਨ, ਜੋ ਕੰਮ ਕਰ ਰਹੀਆਂ ਹਨ, ਭਵਿੱਖਬਾਣੀ ਦੇ ਦਾਨ, ਅਤੇ—ਅਤੇ ਪਰਾਈਆਂ ਭਾਸ਼ਾਵਾਂ ਵਿੱਚ ਬੋਲਣਾ, ਅਤੇ ਭਾਸ਼ਾਵਾਂ ਦੀ ਵਿਆਖਿਆ, ਜੋ ਅਸੀਂ ਕੁਝ ਪਲ ਪਹਿਲਾਂ ਸੁਣੀ ਸੀ। ਅਤੇ ਉਹ ਚੀਜ਼ਾਂ ਕਲੀਸਿਯਾ ਨੂੰ ਸੁਧਾਰ ਰਹੀਆਂ ਹਨ, ਅਤੇ ਬਹੁਤ ਚੰਗੀ ਤਰ੍ਹਾਂ ਸੁਧਾਰ ਰਹੀਆਂ ਹਨ।

26 ਪਰ ਮੈਂ ਸੋਚਿਆ, ਸ਼ਾਇਦ ਅੱਜ ਰਾਤ ਮੈਂ, ਜੇ ਭਾਈ ਨੇਵਿਲ...ਜੇਕਰ ਪਵਿੱਤਰ ਆਤਮਾ ਸਾਨੂੰ ਕਿਸੇ ਹੋਰ ਚੀਜ਼ ਵੱਲ ਨਹੀਂ ਲੈ ਜਾਂਦਾ, ਤਾਂ ਅੱਜ ਰਾਤ ਮੈਂ ਚਾਹੁੰਦਾ ਹਾਂ ਕਿ...ਤੁਸੀਂ ਸਾਰੇ, ਅੱਜ ਸਵੇਰੇ ਜਾਣ ਤੋਂ ਪਹਿਲਾਂ, ਤੁਸੀਂ ਇੱਕ ਸਵਾਲ ਲਿਖੋ ਅਤੇ ਇਸਨੂੰ ਇੱਥੇ ਰੱਖ ਦਿਓ, ਤੁਹਾਡੇ ਮਨ ਦੇ ਕੁਝ ਸਵਾਲ, ਤਾਂ ਜੋ ਅਸੀਂ ਇਹ ਪਤਾ ਲਗਾ ਸਕੀਏ ਕਿ ਕਲੀਸਿਯਾ ਕੀ ਸੋਚ ਰਹੀ ਹੈ। ਇਹ ਇੱਕ ਤਰੀਕਾ ਹੈ ਜਿਸ ਰਾਹੀਂ ਪਾਸਟਰ ਪਤਾ ਕਰ ਸਕਦੇ ਹਨ ਕਿ ਲੋਕਾਂ ਦੇ ਦਿਲ ਵਿੱਚ ਕੀ ਚੱਲ ਰਿਹਾ ਹੈ। ਅਤੇ ਤੁਹਾਡੇ ਵਿੱਚੋਂ ਹਰ ਇੱਕ ਇੱਕ ਸਵਾਲ ਨੂੰ ਲਿਖੇ ਅਤੇ ਇਸਨੂੰ ਇੱਥੇ ਰੱਖ ਦੇਵੇ। ਜੇਕਰ ਤੁਹਾਡੇ ਕੋਲ ਕਾਗਜ਼ ਦਾ ਇੱਕ ਟੁਕੜਾ ਨਹੀਂ ਹੈ ਜਿਸ ਤੇ ਲਿਖਿਆ ਜਾ—ਜਾ ਸਕੇ, ਤਾਂ ਫਿਰ ਇਸਨੂੰ ਅੱਜ ਰਾਤ ਨੂੰ ਪਹਿਲਾਂ ਹੀ ਲਿਖ ਦੇਣਾ। ਇਸ ਲਈ, ਮੈਂ ਉਨ੍ਹਾਂ ਤੇ, ਉਨ੍ਹਾਂ ਨੂੰ ਵੇਖਣ ਅਤੇ ਤੁਹਾਨੂੰ ਵਚਨ ਦੇ ਅਨੁਸਾਰ ਜਵਾਬ ਦੇਣ ਲਈ ਜਿੰਨਾ ਸਮਾਂ ਲੈ ਸਕਦਾ ਹਾਂ, ਉਨਾ ਹੀ ਸਮਾਂ ਲੈਣਾ ਚਾਹਾਂਗਾ।

27 ਫਿਰ ਜੇ ਪ੍ਰਭੂ ਦੀ ਮਰਜ਼ੀ ਹੋਵੇਗੀ, ਜੇ ਇਹ ਪਰਮੇਸ਼ੁਰ ਦੀ ਮਰਜ਼ੀ ਹੋਵੇਗੀ, ਮੈਂ ਇੱਥੇ ਬਹੁਤ ਸਮਾਂ ਪਹਿਲਾਂ ਇੱਕ ਬਿਆਨ ਦਿੱਤਾ ਸੀ, ਕਿ ਮੈਂ ਤੁਹਾਡੇ ਨਾਲ ਆਖਰੀ ਸੱਤ ਮੋਹਰਾਂ ਤੇ ਗੱਲ ਕਰਨੀ ਚਾਹੁੰਦਾ ਹਾਂ...ਪਰਕਾਸ਼ ਦੀ ਪੋਥੀ ਦੀਆਂ। ਹੁਣ ਜੇਕਰ ਅਸੀਂ...ਮੈਂ ਇਸ ਸਾਲ ਉਨ੍ਹਾਂ ਮੋਹਰਾਂ ਪੂਰਾ ਨੂੰ ਪੂਰਾ ਨਹੀਂ ਕਰ ਸਕਿਆ, ਕਿਉਂਕਿ ਇਸ ਨੂੰ ਪੂਰਾ ਕਰਨ ਲਈ ਪਰਕਾਸ਼ ਦੀ ਪੋਥੀ ਦੇ 6ਵੇਂ ਅਧਿਆਇ ਤੋਂ ਲੈ ਕੇ 19ਵੇਂ ਅਧਿਆਇ ਤਕ ਜਾਣਾ ਪੈਂਦਾ ਹੈ, ਉਨ੍ਹਾਂ ਮੋਹਰਾਂ ਨੂੰ ਪੂਰਾ ਕਰਨ ਲਈ। ਪਰ ਉਹਨਾਂ ਵਿੱਚੋਂ ਪਹਿਲੀਆਂ ਤਿੰਨ ਜਾਂ ਚਾਰ ਦਾ ਜਵਾਬ ਇੱਕ ਰਾਤ ਦੇ ਅੰਦਰ ਦਿੱਤਾ ਜਾ ਸਕਦਾ ਹੈ, ਮੇਰੇ ਖਿਆਲ ਵਿੱਚ, ਹਰੇਕ ਮੋਹਰ ਇੱਕ ਰਾਤ ਲਈ ਇੱਕ ਰਾਤ ਲੱਗੇਗੀ।

28 ਹੁਣ, ਜੇ ਅਸੀਂ ਸਮਝਦੇ ਹਾਂ, ਤਾਂ ਵੇਖੋ, ਅਸੀਂ ਉਸ ਪਰਕਾਸ਼ ਦੀ ਪੋਥੀ ਤੇ ਕਿੱਥੇ ਰੁੱਕ ਜਾਂਦੇ ਹਾਂ, ਜਿੱਥੇ ਕਲੀਸਿਯਾ ਨੂੰ ਮਹਿਮਾ ਵਿੱਚ ਚੁੱਕ ਲਿਆ ਗਿਆ ਸੀ, ਫਿਰ ਇਸਦਾ ਬਾਕੀ ਹਿੱਸਾ ਯਹੂਦੀਆਂ ਬਾਰੇ ਨਾਲ ਗੱਲ ਕਰ

ਰਿਹਾ ਹੈ, ਕਲੀਸਿਯਾ ਨਾਲ ਨਹੀਂ। ਇਹ ਯਹੂਦੀ ਕੌਮ ਨਾਲ ਨਜਿੱਠ ਰਿਹਾ ਹੈ। ਇਸ ਲਈ ਸਾਨੂੰ ਚਰਚ ਦੇ ਉਠਾਏ ਜਾਣ ਤੋਂ, ਵਾਪਸ ਹੇਠਾਂ ਆਉਣਾ ਪਏਗਾ, ਅਤੇ ਲੈਣਾ ਹੈ...ਅਸੀਂ ਇੱਥੇ ਦੇਖਦੇ ਹਾਂ ਕਿ ਉਨ੍ਹਾਂ ਮੋਹਰਾਂ ਦੇ ਦੌਰਾਨ ਅਤੇ ਪਰਾਈਆਂ ਕੌਮਾਂ ਦੇ ਸਮੇਂ ਵਿੱਚ ਕੀ ਹੁੰਦਾ ਹੈ। ਕਲੀਸਿਯਾ ਜਾ ਚੁੱਕੀ ਹੁੰਦੀ ਹੈ; ਅਤੇ ਇਸਰਾਏਲ ਦੀ ਕੌਮ ਨਾਲ, ਇਹ ਵਾਪਸ ਆ ਜਾਂਦਾ ਹੈ ਅਤੇ ਇਜ਼ਰਾਈਲ ਨੂੰ ਉਸ ਸਮੇਂ ਤੋਂ ਲਿਆਉਂਦਾ ਹੈ ਜਦੋਂ ਇਹ ਉਹਨਾਂ ਨਾਲ ਛੱਡਿਆ ਗਿਆ ਸੀ, ਆਧੁਨਿਕ ਸਮੇਂ ਤੱਕ; ਅਤੇ ਆਉਣ ਵਾਲੇ ਮਸੀਹਾ ਤਕ, ਜਦੋਂ ਉਹ ਮਸੀਹਾ ਨੂੰ ਕਬੂਲ ਕਰਨਗੇ।

29 ਹੁਣ ਤੁਸੀਂ ਇਸ ਨੂੰ ਸਮਝੇ? ਕਲੀਸਿਯਾ ਨੂੰ ਚੁੱਕ ਲਿਆ ਜਾਂਦਾ ਹੈ। ਪਰਮੇਸ਼ੁਰ ਨੇ ਪਹਿਲਾਂ ਕਲੀਸਿਯਾ, ਕਲੀਸਿਯਾ ਦੇ ਯੁੱਗਾਂ ਨਾਲ ਗੱਲ ਕਰਦਾ ਸੀ। ਅਸੀਂ ਇਹ ਲੈ ਲਿਆ ਸੀ। ਫਿਰ ਕਲੀਸਿਯਾ ਨੂੰ ਮਹਿਮਾ ਵਿੱਚ ਚੁੱਕ ਲਿਆ ਜਾਂਦਾ ਹੈ। ਫਿਰ ਪਵਿੱਤਰ ਆਤਮਾ ਵਾਪਸ ਜਾਂਦਾ ਹੈ ਅਤੇ ਇਸਰਾਏਲ ਨੂੰ ਇੱਕ ਕੌਮ ਦੇ ਤੌਰ ਤੇ ਲੈਂਦਾ ਹੈ। ਅਤੇ ਇਸਨੂੰ ਇੱਥੋਂ ਤੱਕ ਲਿਆਉਂਦਾ ਹੈ, ਜਦਕਿ ਵਿਆਹ ਦਾ ਭੋਜ ਚੱਲ ਰਿਹਾ ਹੁੰਦਾ ਹੈ, ਅਤੇ ਫਿਰ ਉਸ ਸਮੇਂ ਦੇ ਅੰਤ ਵਿੱਚ ਉਹਨਾਂ ਨੂੰ ਦੁਬਾਰਾ ਵਾਪਸ ਲਿਆਉਂਦਾ ਹੈ। ਮੈਂ ਆਪਣਾ ਬਲੈਕਬੋਰਡ ਉੱਪਰ ਰੱਖਾਂਗਾ, ਅਤੇ ਸਮਾਂ ਆਉਣ ਤੇ ਇਸ ਨੂੰ ਬਾਹਰ ਰੱਖ ਕੇ ਅਤੇ ਸਿਖਾਉਣ ਦੇ ਯੋਗ ਹੋਵਾਂਗਾ। ਤਦ ਪ੍ਰਭੂ ਲਾੜੀ ਦੇ ਨਾਲ ਵਾਪਸ ਆਉਂਦਾ ਹੈ, ਅਤੇ ਇਸਰਾਏਲ ਨੇ ਉਸਨੂੰ ਵੇਖਦਾ ਹੈ। ਅਤੇ, ਔਹ, ਉਹ ਕਿਹੋ ਜਿਹਾ ਸਮਾਂ ਹੋਵੇਗਾ!

30 ਹੁਣ, ਇਸ ਤੋਂ ਪਹਿਲਾਂ ਕਿ ਅਸੀਂ ਇਸ ਨੂੰ ਸਹੀ ਢੰਗ ਨਾਲ ਜੋੜ ਸਕੀਏ, ਇੱਥੇ ਇੱਕ ਬਹੁਤ ਵਧੀਆ ਸਬਕ ਹੈ ਜੋ ਧਰਮ-ਸ਼ਾਸਤਰੀਆਂ ਅਤੇ ਬਹੁਤ ਸਾਰਿਆਂ, ਅਤੇ ਸਾਰੇ ਯੁੱਗ ਦੇ ਉਸਤਾਦਾਂ ਲਈ ਇੱਕ ਠੋਕਰ ਹੈ, ਅਤੇ ਚਰਚ ਆਫ਼ ਕ੍ਰਾਇਸਟ ਦੇ ਲੋਕਾਂ ਲਈ ਅਤੇ ਉਹ ਲੋਕ ਜੋ ਇਹ ਸੁਣਨ ਲਈ ਆ ਰਹੇ ਹਨ, ਯਾਨੀ, ਦਾਨੀਏਲ ਦੇ ਸੱਤਰ ਹਫ਼ਤੇ। ਸਾਡੇ ਕੋਲ...ਅਸੀਂ ਪਰਕਾਸ਼ ਦੀ ਪੋਥੀ ਵਿੱਚ ਹੋਰ ਅੱਗੇ ਨਹੀਂ ਜਾ ਸਕਦੇ ਜਦੋਂ ਤੱਕ ਅਸੀਂ ਦਾਨੀਏਲ ਦੇ ਸੱਤਰ ਹਫ਼ਤਿਆਂ ਦੇ ਨਾਲ ਲਾੜੀ ਅਤੇ ਇਜ਼ਰਾਈਲ ਨੂੰ ਜੋੜ ਨਹੀਂ ਲੈਂਦੇ। ਅਤੇ ਹੋ ਸਕਦਾ ਹੈ, ਜੇ ਪਰਮੇਸ਼ੁਰ ਦੀ ਮਰਜੀ ਹੈ, ਤਾਂ ਜੋ ਉਹ ਭਵਿੱਖ ਵਿੱਚ ਮੇਰੇ ਨਾਲ ਗੱਲ ਕਰੇ, ਇਨ੍ਹਾਂ ਸੱਤਰ ਹਫ਼ਤਿਆਂ ਵਿੱਚੋਂ ਕੁਝ ਤੇ ਬੋਲਣ ਲਈ...ਜਾਂ, ਸੱਤਰ ਹਫ਼ਤੇ ਨਹੀਂ, ਪਰ ਆਖਰੀ ਸੱਤ ਮੋਹਰਾਂ ਤੇ। ਫਿਰ ਅਗਲੇ ਐਤਵਾਰ, ਮੈਂ ਦਾਨੀਏਲ ਦੇ ਸੱਤਰ ਹਫ਼ਤੇ ਲੈਣ ਦੀ ਕੋਸ਼ਿਸ਼ ਕਰਾਂਗਾ, ਅਗਲੇ ਐਤਵਾਰ, ਜੇ ਪ੍ਰਭੂ ਦੀ ਇੱਛਾ ਹੋਵੇਗੀ। ਅਤੇ ਫਿਰ ਇਹ ਰੁਕਾਵਟ ਨੂੰ ਖੋਲ੍ਹ ਦੇਵੇਗਾ, ਜੇਕਰ ਉਹ ਸਾਡੀ ਅਗਵਾਈ ਕਰੇ, ਤਾਂ ਜੋ ਅਸੀਂ ਬਾਕੀ ਚੀਜਾਂ ਤੇ ਸ਼ੁਰੂ ਕਰ ਸਕੀਏ।

ਖੈਰ, ਅਸੀਂ ਉਦੋਂ ਹੀ ਪਤਾ ਲੱਗੇਗਾ।

31 ਭਾਈ ਨੇਵਿਲ ਅਤੇ ਮੈਂ ਇਸ ਤੇ ਇਕੱਠੇ ਕੰਮ ਕਰਾਂਗੇ, ਅਤੇ ਉਹ ਸਭ ਕਰ ਰਹੇ ਹਾਂ ਜੋ ਅਸੀਂ ਲੋਕਾਂ ਦੇ ਫਾਇਦੇ ਲਈ ਕਰ ਸਕਦੇ ਹਾਂ।

32 ਹੁਣ, ਹਰ ਵਾਰ ਵਾਪਸ ਜਾ ਕੇ, ਅਸੀਂ ਬਿਮਾਰਾਂ ਲਈ ਪ੍ਰਾਰਥਨਾ ਕਰਦੇ ਹਾਂ, ਸਾਨੂੰ ਅਜਿਹਾ ਕਰਨ ਵਿੱਚ ਹਮੇਸ਼ਾ ਖੁਸ਼ੀ ਹੁੰਦੀ ਹੈ। ਅਤੇ ਮੈਂ ਸ਼ਾਇਦ ਇਹ ਹਰ ਸਭਾ ਵਿੱਚ ਕਰਾਂਗਾ, ਜੇ ਲੋਕ ਬਿਮਾਰ ਹਨ, ਤਾਂ ਉਹਨਾਂ ਲਈ ਪ੍ਰਾਰਥਨਾ ਕਰਾਂਗਾ।

33 ਮੈਂ ਹੋਰ ਕੋਈ ਭੇਤ ਨਹੀਂ ਬੁੱਝਣੇ ਚਾਹੁੰਦਾ। ਦੇਖੋ, ਹੁਣ ਇੱਥੇ ਕੀ ਹੋਇਆ ਹੈ। ਮੈਂ ਕੋਸ਼ਿਸ਼ ਕੀਤੀ ਹੈ। ਅਤੇ ਮੈਂ ਜਾਣਦਾ ਹਾਂ ਕਿ ਮੈਂ ਉਹ ਕੰਮ ਕੀਤੇ ਹਨ ਜੋ ਗਲਤ ਹਨ; ਪਰ ਮੈਂ ਹਰ ਸਮੇਂ ਪਰਮੇਸ਼ੁਰ ਦੇ ਨੇੜੇ ਰਹਿਣ ਦੀ ਕੋਸ਼ਿਸ਼ ਕੀਤੀ ਹੈ, ਇਸੇ ਤਰ੍ਹਾਂ ਇਹ ਦਰਸ਼ਨ ਹੋਣਗੇ, ਉਹ ਕਿਵੇਂ ਆਉਣਗੇ। ਇੱਥੋਂ ਤੱਕ ਕਿ ਲੋਕ ਚੀਜ਼ਾਂ ਗੁਆ ਦਿੰਦੇ ਹਨ, ਅਤੇ ਮੈਨੂੰ ਬੁਲਾਉਂਦੇ ਹਨ, ਮੈਨੂੰ ਪ੍ਰਭੂ ਅੱਗੇ ਪ੍ਰਾਰਥਨਾ ਕਰਨ ਲਈ ਕਹਿੰਦੇ ਹਨ, ਇਹ ਪੁੱਛਣ ਲਈ ਕਿ ਇਹ ਕਿੱਥੇ ਹੈ। ਜਿਵੇਂ ਜੱਸੀ ਖੱਚਰਾਂ ਨੂੰ ਗੁਆ ਬੈਠਾ ਸੀ, ਅਤੇ ਮੁੰਡੇ ਨਬੀ ਨੂੰ ਲੱਭਣ ਲਈ ਗਏ ਸਨ, ਅਤੇ ਉਸਨੇ ਉਨ੍ਹਾਂ ਨੂੰ ਦੱਸਿਆ ਕਿ ਖੱਚਰਾਂ ਘਰ ਵਾਪਸ ਮੁੜ ਗਈਆਂ ਸਨ। ਇਸ ਤਰ੍ਹਾਂ, ਇਹ ਬਿਲਕੁਲ ਠੀਕ ਹੈ। ਪਰ ਇਹ ਬਹੁਤ ਜਿਆਦਾ ਹੋ ਜਾਂਦਾ ਹੈ, ਬਹੁਤ ਸਾਰੇ ਲੋਕ…ਬਸ ਇਸ ਇਲਾਕੇ ਦੇ ਹੀ ਨਹੀਂ; ਇਹ ਸੰਸਾਰ-ਭਰ ਵਿੱਚ, ਵੇਖਿਆ। ਇਸ ਲਈ ਇਹ ਬੱਸ ਮੈਨੂੰ ਇੰਨਾ ਥੱਕਾ ਦਿੰਦਾ ਹੈ, ਅਤੇ ਫਿਰ ਮੈਨੂੰ ਹਰ ਸਮੇਂ ਬੇਚੈਨ ਰੱਖਦਾ ਹੈ, ਇੱਥੋਂ ਤੱਕ ਇਹ ਇੱਕ ਜਗ੍ਹਾ ਪਹੁੰਚ ਜਾਂਦਾ…

34 ਅਤੇ ਇਹੀ ਕਾਰਨ ਹੈ ਕਿ ਭਾਈਆਂ ਨੇ ਸਿਧਾਂਤ ਸ਼ੁਰੂ ਕੀਤਾ, ਕਿ ਮੈਂ ਪ੍ਰਭੂ ਯਿਸੂ ਮਸੀਹ ਦਾ ਅਵਤਾਰ ਹਾਂ। ਅਤੇ ਅਸੀਂ ਜਾਣਦੇ ਹਾਂ ਕਿ ਇਹ ਬਸ ਸੇਵਕਾਈ ਨੂੰ ਟੁਕੜੇ-ਟੁਕੜੇ ਕਰ ਦੇਵੇਗਾ, ਅਤੇ ਮਸੀਹ ਅਤੇ ਹਰ ਚੀਜ਼ ਲਈ ਬਦਨਾਮੀ ਲਿਆਵੇਗਾ। ਸਮਝੇ? ਤਾਂ ਇਹੀ ਕਾਰਨ ਹੈ ਕਿ ਇਸ ਚੀਜ ਨੂੰ ਤੁਰੰਤ ਰੋਕਣ ਲਈ, ਮੈਨੂੰ ਉਨ੍ਹਾਂ ਨੂੰ ਇੱਕ ਤਗੜਾ ਝਟਕਾ ਦੇਣਾ ਪਿਆ, ਉਨ੍ਹਾਂ ਨੂੰ ਇਹ ਦੱਸਣ ਲਈ ਕਿ ਇਹ ਪਰਮੇਸ਼ੁਰ ਦਾ ਕੰਮ ਨਹੀਂ ਸੀ, ਇਹ ਸ਼ੈਤਾਨ ਦਾ ਸੀ। ਸਮਝੇ? ਅਤੇ ਉਹ ਚੰਗੇ ਲੋਕ ਹਨ। ਅਤੇ ਇਹ ਦਰਸਾਉਂਦਾ ਹੈ ਕਿ ਉਹ ਲੋਕ ਪਰਮੇਸ਼ੁਰ ਦੇ ਆਤਮਾ ਤੋਂ ਨਵਾਂ ਜਨਮ ਪਾਏ ਹੋਏ ਲੋਕ ਹਨ, ਕਿਉਂਕਿ, ਜਦੋਂ ਉਨ੍ਹਾਂ ਨੇ ਵਚਨਾਂ ਦੁਆਰਾ ਸੱਚ ਨੂੰ ਦੇਖਿਆ, ਤਾਂ ਉਹ ਪਰਮੇਸ਼ੁਰ ਵੱਲ ਵਾਪਸ ਆ ਗਏ, ਬਿਲਕੁਲ, ਵੇਖੋ, ਤੁਰੰਤ। ਇਸ ਲਈ, ਇਹ ਦਰਸਾਉਂਦਾ ਹੈ ਕਿ ਇਹ ਸ਼ੈਤਾਨ ਲੋਕਾਂ ਨਾਲ ਕੁਝ ਕਰਨ ਦੀ ਕੋਸ਼ਿਸ਼ ਕਰ ਰਿਹਾ ਸੀ; ਉਹ ਸਾਰੇ ਧਰਮੀ, ਮਸੀਹੀ ਲੋਕ ਸਨ।

35 ਅਤੇ ਇਸ ਨੇ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਮੈਨੂੰ ਇਹ ਕਹਿਣ ਲਈ ਮਜਬੂਰ ਕੀਤਾ, "ਭਾਈ ਬ੍ਰਨਹਾਮ, ਸਾਨੂੰ ਤੁਹਾਡੇ ਉੱਤੇ ਪਹਿਲਾਂ ਨਾਲੋਂ ਵੀ ਜ਼ਿਆਦਾ ਭਰੋਸਾ ਹੋ ਗਿਆ ਹੈ।"

36 ਕਿਉਂਕਿ ਦੇਖੋ, ਪਰਮੇਸ਼ੁਰ ਨੇ ਜੋ ਦਾਨ ਮੈਨੂੰ ਦਿੱਤਾ ਹੈ, ਮੈਂ ਉਸ ਨਾਲ ਕੀ ਕਰ ਸਕਦਾ ਸੀ? ਕੌਮ ਜਾਂ ਲੋਕਾਂ ਨੂੰ ਆਪਣੇ ਪੈਰਾਂ ਤੇ ਸੁੱਟ ਸਕਦਾ ਸੀ। ਜਿਸ ਨੂੰ ਅਸੀਂ *ਇੱਕ ਕੌਮ* ਕਹਿੰਦੇ ਹਾਂ, ਉਹ ਕੋਈ "ਸ੍ਰਿਸ਼ਟੀ" ਨਹੀਂ ਹੈ, ਤੋਪਾਂ ਦੇ ਅੱਗੇ ਮਾਰੇ ਜਾਣ ਵਾਲੇ ਪਿਆਦੇ ਨਹੀਂ। ਮੇਰਾ ਮਤਲਬ ਹੈ ਮਸੀਹੀ ਲੋਕ, ਜੋ ਅਸਲ ਵਿਸ਼ਵਾਸੀ ਹਨ, ਇਹ ਦੀ ਮਲਾਈ ਹੈ...ਜਦ ਅਸੀਂ *ਕੌਮ* ਦੀ ਗੱਲ ਕਰਦੇ ਹਾਂ, ਤਾਂ ਅਸੀਂ "ਦੁਬਾਰਾ-ਜਨਮ ਪਾਏ ਲੋਕਾਂ" ਬਾਰੇ ਪ੍ਰਚਾਰ ਕਰਦੇ ਹਾਂ, ਜਦ ਅਸੀ ਕੌਮ ਦੀ ਗੱਲ ਕਰਦੇ ਹਾਂ, ਤਾਂ ਇਸੇ ਬਾਰੇ ਗੱਲ ਕਰ ਰਹੇ ਹੁੰਦੇ ਹਾਂ। ਬਸ ਇੱਥੇ ਮੌਜੂਦ ਹਰੇ ਕਿਸੇ ਲਈ ਨਹੀਂ, ਜਿਸ ਦੁਨੀਆਂ ਵਿੱਚ ਅਸੀਂ ਰਹਿੰਦੇ ਹਾਂ ਇਹ ਤਾਂ ਇੰਨੀ ਗੰਦੀ ਅਤੇ ਚਿੱਕੜ ਹੈ, ਇਹ ਤਾਂ ਬਸ—ਇਹ ਬਸ ਧਰਤੀ ਦੀ ਧੂੜ ਹੈ ਜੋ ਵਾਪਸ ਮੁੜ ਰਹੀ ਹੈ। ਮੈਂ ਦੁਬਾਰਾ-ਜਨਮ ਪਾਏ ਮਸੀਹੀਆਂ ਬਾਰੇ ਗੱਲ ਕਰ ਰਿਹਾ ਹਾਂ, ਉਹ ਲੋਕ ਜੋ ਅਸਲ ਵਿੱਚ ਮਸੀਹੀ ਲੋਕ ਹਨ।

37 ਮੈਂ ਇੰਤਜ਼ਾਰ ਕਰ ਰਿਹਾ ਹਾਂ ਕਿ ਕੋਈ ਆਦਮੀ ਕਿਸੇ ਚੀਜ਼ ਬਾਰੇ ਦੁਬਾਰਾ ਮੇਰੇ ਉੱਤੇ ਸਵਾਲ ਕਰੇ। ਜਿਆਦਾ ਚਿਰ ਨਹੀਂ ਹੋਇਆ ਕੋਈ ਮੇਰੇ ਕੋਲ ਆਇਆ, ਅਤੇ ਕਿਹਾ, "ਇਹ ਵਿਚਾਰ ਹੀ, ਮਸੀਹ ਦਾ ਜ਼ਮੀਨ ਤੇ ਥੁੱਕਣਾ ਅਤੇ ਉਸਦੇ ਥੁੱਕ ਨਾਲ, ਮਿੱਟੀ ਦਾ ਲੇਪ ਬਣਾ ਕੇ ਕਿਸੇ ਦੀਆਂ ਅੱਖਾਂ ਤੇ ਲਾਉਣਾ।" ਉਸ ਨੇ ਕਿਹਾ, "ਉਹ ਕਿੰਨਾ ਗੰਦਾ, ਮਲੀਨ ਸੀ, ਉਸਦਾ ਥੁੱਕਣਾ, ਆਪਣੇ ਮੂੰਹ ਤੋਂ ਥੁੱਕ ਦੇ ਨਾਲ! ਗੰਦਗੀ ਵਿੱਚ ਥੁੱਕਣਾ, ਮਿੱਟੀ ਦਾ ਲੇਪ ਬਣਾ ਕੇ ਮਨੁੱਖ ਦੀਆਂ ਅੱਖਾਂ ਵਿੱਚ ਪਾਉਣਾ ਕਿੰਨਾ ਗੰਦਾ ਕੰਮ ਸੀ।"

ਮੈਂ ਕਿਹਾ, "ਪਰ ਉਸ ਦੀ ਨਜਰ ਵਾਪਸ ਆ ਗਈ ਸੀ।" ਦੇਖੋ, ਇਹੀ ਗੱਲ ਹੈ।

38 ਅਤੇ ਉਸੇ ਆਦਮੀ ਨੇ! ਤੁਸੀਂ ਜਾਣਦੇ ਹੋ, ਉਨ੍ਹਾਂ ਨੇ ਮੇਰੇ ਘਰ ਦੇ ਕੋਲ, ਸਵਿਮਿੰਗ ਪੂਲ, ਇੱਕ ਨੰਗੇਪਣ ਦਾ ਡੇਰਾ ਖੋਲ੍ਹਿਆ ਸੀ। ਅਤੇ—ਅਤੇ ਉਸ ਆਦਮੀ ਕੋਲ ਉਸ ਦੇ ਹਰੇਕ ਬੱਚੇ ਲਈ ਟਿਕਟ ਹੈ ਕਿ ਉੱਥੇ ਜਾ ਕੇ ਉਸ ਤਲਾਬ ਵਿੱਚ ਤੈਰੇ। ਅਤੇ ਉਹ ਅਤੇ ਉਸਦੀ ਪਤਨੀ ਵੀ, ਉਸ ਤਲਾਬ ਵਿੱਚ ਜਾਂਦੇ ਹਨ। ਮਾਫ਼ ਕਰਨਾ, ਮੇਰੀਓ ਭੈਣੋ। ਪਰ ਜਿੱਥੇ ਉਹ ਔਰਤਾਂ ਉੱਥੇ ਤੈਰਾਕੀ ਕਰਦੀਆਂ ਹਨ, ਉਹਨਾਂ ਵਿੱਚੋਂ ਇੱਕ ਸੌ ਜਾਂ ਦੋ, ਹਰ ਰੋਜ਼; ਔਰਤਾਂ, ਉਹ ਸਾਰੀ ਗੰਦਗੀ ਅਤੇ ਚੀਜ਼ਾਂ, ਅਤੇ ਅੱਜ ਦੀਆਂ ਔਰਤਾਂ, ਅਤੇ ਉਸ ਪਾਣੀ ਵਿੱਚ ਇਸ਼ਨਾਨ ਕਰਦੀਆਂ ਹਨ, ਉਹ ਗੰਦਗੀ ਅਤੇ ਮਲੀਨਤਾ ਉਨ੍ਹਾਂ ਦੇ ਮੂੰਹ ਵਿੱਚ

ਹੈ, ਅਤੇ ਇਸਨੂੰ ਨਿਗਲਦੀਆਂ ਹਨ ਅਤੇ ਬਾਹਰ ਥੁੱਕਦੀਆਂ ਹਨ। ਮੈਂ ਬੱਸ ਚਾਹੁੰਦਾ ਹਾਂ ਕਿ ਹੁਣ ਉਹ ਮੇਰੇ ਤੋਂ ਸਵਾਲ ਪੁੱਛੇ, ਦੇਖੋ।

39 ਓਹਨਾਂ ਨੇ ਕਿਹਾ, "ਜੇ—ਜੇ ਮਸੀਹ ਅੱਜ ਜਿਉਂਦਾ ਹੁੰਦਾ, ਤਾਂ ਉਨ੍ਹਾਂ ਉਸ ਨੂੰ ਉਸ ਗੰਦੇ ਕੰਮ ਦੇ ਕਾਰਨ ਗ੍ਰਿਫਤਾਰ ਕਰ ਲਿਆ ਹੁੰਦਾ।"

40 *ਉਸ* ਬਾਰੇ ਕੀ ਹੈ? ਮੈਨੂੰ ਯਕੀਨ ਹੈ ਕਿ ਤੁਸੀਂ ਮੇਰਾ ਮਤਲਬ ਸਮਝ ਗਏ ਹੋ। ਉਹ ਸਿੱਧੇ ਉਸੇ ਤਲਾਬ ਵਿੱਚ ਜਾਂਦੇ ਹਨ, ਅਤੇ ਉਹਨਾਂ ਵਿੱਚੋਂ ਬਹੁਤਿਆਂ ਨੂੰ ਬਿਮਾਰੀਆਂ, ਗੁਪਤ ਰੋਗ, ਗੋਨੋਰੀਆ, ਅਤੇ ਹੋਰ ਸਭ ਕੁਝ ਹੁੰਦਾ ਹੈ, ਉਸ ਦੇ ਵਿੱਚ ਹੀ। ਅਤੇ ਇਸ ਨੂੰ ਬਸ ਆਪਣੇ ਮੂੰਹ ਰਾਹੀਂ ਥੁੱਕਦੇ ਹਨ, ਅਤੇ ਇਸ ਤਰ੍ਹਾਂ ਦੀ ਹਰ ਚੀਜ਼, ਅਤੇ ਇਸ ਤਰ੍ਹਾਂ ਉੱਥੇ ਇਧਰ-ਉਧਰ ਨਹਾਉਣਾ। ਅਤੇ ਇਹ ਸਫ਼ਾਈ ਹੈ, ਬੇਸ਼ਕ?

41 ਇਸ ਲਈ, ਔਹ, ਮੇਰੇ, ਇਹ ਦਿਨ ਜਿਸ ਵਿੱਚ ਅਸੀਂ ਰਹਿ ਰਹੇ ਹਾਂ, ਭਾਈ, ਭੈਣ! ਇਹ ਪ੍ਰਭੂ ਦੇ ਆਉਣ ਦਾ ਸਮਾਂ ਹੈ! ਅਤੇ ਕਲੀਸਿਯਾ ਕੋਲ ਇੱਕ ਉਮੀਦ ਹੈ, ਅਤੇ ਉਹ ਹੈ ਪ੍ਰਭੂ ਦਾ ਆਉਣਾ।

42 ਖੈਰ, ਮੈਂ ਉਨ੍ਹਾਂ ਚੀਜ਼ਾਂ ਨੂੰ ਰੋਕ ਨਹੀਂ ਸਕਦਾ; ਕੋਈ ਲੋੜ ਨਹੀਂ ਹੈ। ਬਾਈਬਲ ਨੇ ਭਵਿੱਖਬਾਣੀ ਕੀਤੀ ਹੈ ਕਿ ਉਹ ਇੱਥੇ ਹੋਣਗੀਆਂ। ਮੈਂ ਉਨ੍ਹਾਂ ਨੂੰ ਰੋਕ ਨਹੀਂ ਸਕਦਾ। ਪਰ ਮੈਂ ਚਾਹੁੰਦਾ ਹਾਂ ਕਿ ਮੇਰੀ ਆਵਾਜ਼ ਸਵਰਗ ਦੇ ਰਿਕਾਰਡ ਵਿੱਚ ਹੋਵੇ, ਕਿ ਮੈਂ ਇਸ ਦੇ ਵਿਰੁੱਧ ਸੀ, ਜਦੋਂ ਨਿਆਂ ਦਾ ਸਮਾਂ ਆਵੇ। ਮੈਂ ਇਸਦੇ ਖਿਲਾਫ ਸੀ।

43 ਮੈਂ ਅਜੇ ਵੀ ਵਿਸ਼ਵਾਸ ਕਰਦਾ ਹਾਂ ਕਿ ਇਹ ਬਾਈਬਲ ਪਰਮੇਸ਼ੁਰ ਦਾ ਵਚਨ ਹੈ। ਫਿਰ ਸੰਸਾਰ ਵਿੱਚ ਇਸ ਦੇ ਉਲਟ, ਹੋਰ ਕੁਝ ਨਹੀਂ ਹੈ, ਜੋ ਇਸਨੂੰ ਕਦੇ ਵੀ ਰੋਕ ਸਕੇ। ਪਰ ਇੱਥੇ ਇਹ ਬਾਈਬਲ, ਇਹ ਸੱਚਾਈ ਹੈ, ਇਹ ਪਰਮੇਸ਼ੁਰ ਦਾ ਵਚਨ ਹੈ। ਤਾਂ ਆਓ ਹੁਣ ਆਪਣੇ—ਆਪਣੇ—ਆਪਣੇ ਜਹਾਜਾਂ ਨੂੰ ਅੰਦਰ ਖਿੱਚੀਏ, ਅਤੇ ਥੋੜੇ ਸਮੇਂ ਲਈ ਅਰਾਮ ਦੀ ਬੰਦਰਗਾਹ ਤੇ ਲੰਗਰ ਪਾਈਏ। ਅਤੇ—ਅਤੇ ਅਸੀਂ ਕੱਲ੍ਹ ਨੂੰ ਕਿਤੇ ਰਵਾਨਾ ਹੋ ਸਕਦੇ ਹਾਂ, ਪਰ ਹੁਣ ਆਓ ਲੰਗਰ ਪਾਈਏ ਅਤੇ ਸਾਡੇ ਸਵਰਗੀ ਪਿਤਾ ਦੀ ਅਵਾਜ਼ ਨੂੰ ਸੁਣੀਏ ਜਦ ਉਹ ਆਪਣੇ ਵਚਨ ਦੁਆਰਾ ਸਾਡੇ ਨਾਲ ਗੱਲ ਕਰੇਗਾ, ਅਸੀਂ ਅੱਜ ਇਹ ਭਰੋਸਾ ਕਰਦੇ ਹਾਂ।

44 ਅਤੇ ਅੱਜ ਰਾਤ, ਹੁਣ, ਤੁਹਾਡੇ ਕੋਲ ਜਿਹੜਾ ਵੀ ਸਵਾਲ ਹੈ, ਤੁਸੀਂ ਉਸ ਨੂੰ ਤਿਆਰ ਕਰ ਲਵੋ। ਹੁਣ, ਅਜਿਹੀ ਕੋਈ ਚੀਜ਼ ਨਹੀਂ ਜੋ ਕਿਸੇ ਨੂੰ ਨੁਕਸਾਨ ਪਹੁੰਚਾ ਰਹੀ ਹੋਵੇ। ਜੇ ਤੁਸੀਂ ਅਜਿਹਾ ਕਰਦੇ ਹੋ, ਤਾਂ ਇਹ…ਪਹਿਲਾਂ ਹੀ ਦੱਸ ਦਿੰਦਾ ਹਾਂ ਕਿ ਮੈਂ ਉਸ ਦਾ ਜਵਾਬ ਨਹੀਂ ਦੇਵਾਂਗਾ, ਸਮਝੇ। ਪਰ ਤੁਸੀਂ, *ਕੋਈ*-

ਹੋਰ, ਕਹਿੰਦਾ ਹੈ, "ਅੱਛਾ, ਹੁਣ, ਜੇ ਮੈਂ ਕੋਈ ਕੰਮ ਕਰਦਾ ਹਾਂ, ਤਾਂ ਕੀ ਪਰਮੇਸ਼ੁਰ ਕਹਿੰਦਾ ਹੈ ਕਿ ਸਾਨੂੰ ਇਹ ਕਰਨਾ ਚਾਹੀਦਾ ਹੈ?" ਜਾਂ, ਤੁਸੀਂ ਜਾਣਦੇ ਹੋ, ਤੁਹਾਡੇ ਦਿਲ ਵਿੱਚ ਛੋਟੇ-ਛੋਟੇ ਸਵਾਲ। ਜਾਂ, "ਦਾਨ ਸਾਡੇ ਵਿੱਚ ਕੰਮ ਕਰ ਰਹੇ ਹਨ, ਭਾਈ ਬ੍ਰਨਹਾਮ, ਅਤੇ ਕੀ ਸਾਨੂੰ ਉਨ੍ਹਾਂ ਨੂੰ *ਇਸ* ਤਰੀਕੇ ਨਾਲ ਚਲਾਉਣਾ ਚਾਹੀਦਾ ਹੈ ਜਾਂ *ਉਸ* ਤਰੀਕੇ ਨਾਲ? ਜਾਂ, ਸਾਨੂੰ ਕੀ ਕਰਨਾ ਚਾਹੀਦਾ ਹੈ?" ਕੁਝ ਅਜਿਹਾ ਜਿਸਦਾ ਮੈਂ ਤੁਹਾਨੂੰ ਵਚਨ ਵਿੱਚੋਂ ਜਵਾਬ ਦੇ ਸਕਦਾ ਹਾਂ, ਤੁਸੀਂ ਸਮਝੇ। ਥੋੜਾ ਜਿਹਾ ਕੁਝ ਲਿਖੋ। ਮੈਨੂੰ ਖੁਸ਼ੀ ਹੋਵੇਗੀ। ਅਤੇ ਜੇ ਕੋਈ ਨਹੀਂ ਹੈ, ਤਾਂ ਮੈਂ ਕਿਸੇ ਕਿਸਮ ਦਾ ਵਿਸ਼ਾ ਲੈ ਲਵਾਂਗਾ, ਅਤੇ ਅੱਜ ਰਾਤ ਤੁਹਾਨੂੰ ਪ੍ਰਚਾਰ ਕਰਾਂਗਾ, ਜੇ ਪ੍ਰਭੂ ਦੀ ਇੱਛਾ ਹੋਈ। ਇਹ ਐਤਵਾਰ ਹੈ, ਅਤੇ ਮੈਂ ਰਿਹਾ ਹਾਂ...

45 ਪਿਛਲੇ ਐਤਵਾਰ ਮੈਂ ਭਾਈ ਕਾਬਲ ਦੇ ਕੋਲ ਜਾਣਾ ਸ਼ੁਰੂ ਕੀਤਾ ਸੀ। ਅਤੇ ਮੈਂ ਇਸ ਗਿਰਜੇ ਦੀ ਘੰਟੀ ਵੱਜਦੀ ਹੋਈ ਸੁਣੀ, ਅਤੇ ਮੈਂ ਵਿਹੜੇ ਵਿੱਚ ਏਧਰ ਉਧਰ ਫਿਰ ਰਿਹਾ ਸੀ। ਮੈਂ ਇਸਨੂੰ ਬਰਦਾਸ਼ਤ ਨਹੀਂ ਕਰ ਸਕਿਆ। ਇਹੀ ਸਭ ਸੀ। ਮੈਂ ਤੁਹਾਨੂੰ ਸੁਣਿਆ, ਇਸ ਲਈ ਮੈਨੂੰ—ਮੈਨੂੰ—ਮੈਨੂੰ ਬਸ ਆਉਣਾ ਪਿਆ।

46 ਇਸ ਲਈ ਹੁਣ ਅਸੀਂ ਆਪਣੇ ਸਿਰ ਨੂੰ ਝੁਕਾਈਏ ਅਤੇ ਆਪਣੇ ਨਿਰਮਾਤਾ ਨਾਲ ਗੱਲ ਕਰੀਏ, ਅਤੇ ਫਿਰ ਪ੍ਰਾਰਥਨਾ ਦੇ ਇੱਕ ਵਿੱਚ ਜਾਵਾਂਗੇ। ਕੀ ਕਿਸੇ ਕੋਲ ਕੋਈ ਖਾਸ ਬੇਨਤੀ ਹੈ? ਬਸ ਹੱਥ ਉਠਾਓ, ਬਸ ਕਹੋ, "ਮੈਂ..." ਬਸ ਇਸ ਬਾਰੇ ਦੱਸੋ। ਪਰਮੇਸ਼ੁਰ ਜਾਣਦਾ ਹੈ ਕਿ ਤੁਹਾਡੇ ਦਿਲ ਵਿੱਚ ਕੀ ਹੈ। ਹੁਣ ਬਸ ਆਪਣੀ ਬੇਨਤੀ ਨੂੰ ਆਪਣੇ ਮਨ ਵਿੱਚ ਹੀ ਰੱਖੋ।

47 ਪਰਮ ਪਵਿੱਤ੍ਰ ਪਰਮੇਸ਼ੁਰ, ਜਿਸ ਨੇ ਆਪਣੇ ਮੂੰਹ ਦੇ ਸ਼ਬਦ ਦੁਆਰਾ, ਆਪਣੇ ਮਨ ਦੇ ਵਿਚਾਰਾਂ ਦੁਆਰਾ ਆਕਾਸ਼ ਅਤੇ ਧਰਤੀ ਪੈਦਾ ਕੀਤੇ ਹਨ, ਅਸੀਂ ਤੁਹਾਡੀ ਹਜੂਰੀ ਵਿੱਚ ਆ ਰਹੇ ਹਾਂ, ਯਿਸੂ ਮਸੀਹ, ਸਾਡੇ ਪ੍ਰਭੂ ਦੁਆਰਾ, ਜੋ ਤੁਸੀਂ ਸਾਡੇ ਲਈ ਕੀਤਾ ਹੈ, ਉਸ ਲਈ ਤੁਹਾਡਾ ਧੰਨਵਾਦ ਕਰਨ ਲਈ। ਅਤੇ ਅਸੀਂ ਤੁਹਾਡੇ ਲਈ ਬਹੁਤ ਸ਼ੁਕਰਗੁਜ਼ਾਰ ਹਾਂ, ਪ੍ਰਭੂ, ਅੱਜ ਸਵੇਰੇ, ਇਹ ਜਾਣਨ ਲਈ ਕਿ ਅਸੀਂ ਕਿੱਥੇ ਖੜੇ ਹਾਂ, ਇਹ ਜਾਣਨ ਲਈ ਕਿ ਅਸੀਂ ਅੱਜ ਸਵੇਰੇ ਕਿਸ ਅਹੁਦੇ ਤੇ ਹਾਂ, ਅਤੇ ਸਮੇਂ ਦੇ ਇਤਿਹਾਸ, ਅਤੇ ਆਉਣ ਵਾਲਾ ਭਵਿੱਖ ਵਿੱਚ। ਅੱਜ ਜਾਣਨਾ, ਕਿ ਪਰਮੇਸ਼ੁਰ ਦੀ ਕਿਰਪਾ ਨਾਲ, ਅਸੀਂ ਕਲਵਰੀ ਦੇ ਲਹੂ ਵਿੱਚ ਧੋਤੇ ਗਏ ਹਾਂ, ਕਿ ਜੇ ਉਹ ਅੱਜ ਵੀ ਆਉਂਦਾ ਹੈ ਤਾਂ ਅਸੀਂ ਆਪਣੇ ਦਿਲਾਂ ਵਿੱਚ ਵਿਸ਼ਵਾਸ ਦੇ ਨਾਲ, ਉਸਨੂੰ ਮਿਲਣ ਲਈ ਤਿਆਰ ਹਾਂ। ਸਾਨੂੰ ਕਹਿਣਾ ਚਾਹੀਦਾ ਹੈ, "ਫਿਰ ਵੀ, ਆਓ, ਪ੍ਰਭੂ ਯਿਸੂ।"

48 ਅਤੇ ਅਸੀਂ ਵੇਖ ਰਹੇ ਹਾਂ ਕਿ ਪਾਪ ਦਾ ਢੇਰ ਵੱਧਦਾ ਜਾ ਰਿਹਾ ਹੈ, ਇੱਥੋਂ ਤੱਕ ਅਜਿਹਾ ਨਹੀਂ ਲੱਗਦਾ ਕਿ ਸੰਸਾਰ ਪਾਪ ਦੇ ਪ੍ਰਭਾਵ ਹੇਠ ਡਗਮਗਾ ਰਿਹਾ ਹੈ। ਕਿਵੇਂ ਉਹ ਸ਼ਰਾਬ ਪੀਣਾ ਅਤੇ ਜੂਆ ਖੇਡਣਾ, ਅਤੇ ਰੰਗ ਰਲੀਆਂ, ਅਤੇ ਨਗਨਤਾ, ਅਤੇ, ਹੇ ਪਰਮੇਸ਼ੁਰ, ਲੋਕਾਂ ਦੀ ਗੰਦਗੀ, ਅਤੇ ਮਲੀਨਤਾ ਅਤੇ ਚਿੱਕੜ। ਅਤੇ ਉਹ ਕਿਸ ਤਰ੍ਹਾਂ, ਜੇਕਰ ਉਹ ਕੇਵਲ ਇਹ ਜਾਣ ਲੈਂਦੇ, ਪ੍ਰਭੂ! ਕੀ ਉਹ ਲੋਕ, ਜਿਹੜੇ ਉਹ ਛੋਟੇ ਪੁਰਾਣੇ ਅਸ਼ਲੀਲ ਕੱਪੜੇ ਪਹਿਨ ਕੇ ਸੜਕਾਂ ਤੇ ਨਿਕਲਦੇ ਹਨ, ਕੀ ਉਨ੍ਹਾਂ ਨੂੰ ਇਹ ਮਹਿਸੂਸ ਹੁੰਦਾ ਹੈ ਕਿ ਉਹ ਕੀੜੇ ਅਤੇ ਧੂੜ ਤੋਂ ਇਲਾਵਾ ਕੁਝ ਵੀ ਨਹੀਂ ਹਨ, ਕਿ ਹੋ ਸਕਦਾ ਹੈ ਕਿ ਇੱਕ ਹੋਰ ਹਫ਼ਤੇ ਵਿੱਚ ਕੀੜੇ ਉਸ ਸਰੀਰ ਨੂੰ ਖਾ ਰਹੇ ਹੋਣਗੇ ਜਿਸ ਦੀ ਉਹ ਇੰਨੀ ਵਡਿਆਈ ਕਰ ਰਹੇ ਹਨ? ਕੀ ਉਨ੍ਹਾਂ ਨੂੰ ਅਹਿਸਾਸ ਹੈ ਕਿ ਕੀੜੇ ਇਸ ਨੂੰ ਖਾ ਜਾਣਗੇ, ਅਤੇ ਉਨ੍ਹਾਂ ਦੀ ਆਤਮਾ ਸਦੀਪਕ ਕਾਲ ਵਿੱਚ ਪਰਮੇਸ਼ੁਰ ਤੋਂ ਬਿਨਾਂ, ਮਸੀਹ ਤੋਂ ਬਿਨਾਂ, ਬਿਨਾਂ ਉਮੀਦ ਦੇ, ਡੂੰਘੀ ਨਿਰਾਸ਼ਾ ਵਿੱਚ ਜਾ ਡੁੱਬੇਗੀ, ਤਾਂ ਜੋ ਉਸ ਦੇ ਆਉਣ ਉਸ ਨੂੰ ਬਸ ਨਾਸ਼ ਕਰ ਦਿੱਤਾ ਜਾਵੇ? ਹੇ ਪਰਮੇਸ਼ੁਰ, ਸਾਨੂੰ ਚੇਤਾਵਨੀ ਦੇਣ ਲਈ—ਲਈ ਆਵਾਜ ਦਿਓ, ਤਾਂ ਜੋ ਅਸੀਂ ਹਰ ਇੱਕ ਆਤਮਾ ਨੂੰ ਇਸ ਖ਼ਤਰੇ ਬਾਰੇ ਚੇਤਾਵਨੀ ਦੇ ਸਕੀਏ ਜਿਸ ਦੇ ਉਹ ਨੇੜੇ ਜਾ ਰਹੇ ਹਨ।

49 ਅੱਜ ਸਾਡੇ ਨਾਲ ਰਹੋ। ਸਾਨੂੰ "ਬੁੱਧੀ ਦੇ ਸ਼ਬਦ" ਦਿਓ, ਜਿਵੇਂ ਸੁਲੇਮਾਨ ਨੇ ਇੱਕ ਵਾਰ ਉਪਦੇਸ਼ਕ ਦੀ ਪੋਥੀ ਵਿੱਚ ਕਿਹਾ ਸੀ, ਕਿ ਅਸੀਂ ਹੋਵਾਂਗੇ "ਬੁੱਧੀਮਾਨ ਨਿਰਮਾਤਾ" ਹੋਣਾ ਚਾਹੀਦਾ ਹੈ, ਤਾਂ ਜੋ ਅਸੀਂ "ਇਸ ਇਕੱਠ ਦੇ ਚਰਵਾਹੇ" ਬਣ ਸਕੀਏ। ਅਤੇ ਅਸੀਂ ਪ੍ਰਾਰਥਨਾ ਕਰਦੇ ਹਾਂ, ਪ੍ਰਭੂ, ਕਿ ਜਿਵੇਂ ਅਸੀਂ ਕਹਿਣ ਲਈ ਸ਼ਬਦਾਂ ਦੀ ਭਾਲ ਰਹੇ ਹਾਂ, ਕਿ ਉਹ ਹੋਣਗੇ—ਉਹ ਸਰਵੋਤਮ ਰਚਨਾ ਹੋਣ ਜੋ ਉਸ ਦਿਲ ਨੂੰ ਫੜ ਲੈਣਗੇ ਜਿਸਦੀ ਅੱਜ ਸਵੇਰੇ ਇੱਥੇ ਬਹੁਤ ਜ਼ਰੂਰਤ ਹੈ।

50 ਅਸੀਂ ਅੱਜ ਇਸ ਗਰਮ ਛੱਤ ਹੇਠ ਇਸ ਲਈ ਨਹੀਂ ਇਕੱਠੇ ਹੋਏ ਕਿ ਬਸ ਆਪਣੇ ਆਪ ਨੂੰ ਵਿਖਾਈਏ, ਪਰ ਅਸੀਂ ਇੱਥੇ ਇਸ ਲਈ ਆਏ ਹਾਂ ਕਿਉਂਕਿ ਅਸੀਂ ਤੁਹਾਨੂੰ ਪ੍ਰੇਮ ਕਰਦੇ ਹਾਂ, ਅਤੇ ਕਿਉਂਕਿ ਅਸੀਂ ਤੁਹਾਡੇ ਤੋਂ ਸੁਣਨਾ ਚਾਹੁੰਦੇ ਹਾਂ। ਤੁਸੀਂ ਸਾਡੇ ਪ੍ਰੇਮੀ ਹੋ ਜਿਸਨੂੰ ਅਸੀਂ ਪਿਆਰ ਕਰਦੇ ਹਾਂ, ਅਤੇ ਅਸੀਂ ਤੁਹਾਡੇ ਤੋਂ ਵਚਨਾਂ ਨੂੰ ਸੁਣਨਾ ਚਾਹੁੰਦੇ ਹਾਂ। ਅਸੀਂ ਉਸ ਲਈ ਸ਼ੁਕਰਗੁਜ਼ਾਰ ਹਾਂ ਜੋ ਅਸੀਂ ਪਹਿਲਾਂ ਸੁਣਿਆ ਹੈ। ਇਹ ਸਾਡੇ ਨਾਲ ਲੰਬੇ ਸਮੇਂ ਤੱਕ ਰਹੇਗਾ। ਹੁਣ ਸਾਨੂੰ ਉਹ ਹਿੱਸਾ ਦਿਓ ਜੋ ਤੁਸੀਂ ਅੱਜ ਸਾਡੇ ਲਈ ਰੱਖਿਆ ਹੈ, ਜੱਦ ਅਸੀਂ ਤੁਹਾਡੀ ਉਡੀਕ ਕਰ ਰਹੇ ਹਾਂ। ਅਸੀਂ ਇਸਨੂੰ ਯਿਸੂ ਦੇ ਨਾਮ ਵਿੱਚ, ਅਤੇ ਉਸਦੀ ਖ਼ਾਤਰ ਮੰਗਦੇ ਹਾਂ। ਆਮੀਨ।

51 ਹੁਣ ਇਹ...[ਇੱਕ ਭੈਣ ਪਰਾਈ ਭਾਸ਼ਾ ਵਿੱਚ ਬੋਲਦੀ ਹੈ, ਇੱਕ ਭਾਈ ਅਰਥ ਦੱਸਦਾ ਹੈ—ਸੰਪਾ.]

52 ਅਸੀਂ ਆਤਮਾ ਦੁਆਰਾ ਇਸ ਆਨੰਦ ਲਈ ਸ਼ੁਕਰਗੁਜ਼ਾਰ ਹਾਂ, ਉਹ ਸਾਨੂੰ ਦੱਸਦੇ ਹਨ ਅਤੇ ਸਾਨੂੰ ਉਨ੍ਹਾਂ ਵਚਨਾਂ ਨੂੰ ਦੇਖਣ ਲਈ ਚੇਤਾਵਨੀ ਦਿੰਦੇ ਹਨ ਜੋ ਸ਼ਾਇਦ ਪਵਿੱਤਰ ਆਤਮਾ ਅੱਜ ਸਾਡੇ ਲਈ ਬੋਲਣ ਜਾ ਰਿਹਾ ਹੈ। ਅਤੇ ਅਸੀਂ ਨਹੀਂ ਜਾਣਦੇ ਕਿ ਉਸ ਕੋਲ ਭੰਡਾਰ ਵਿੱਚ ਸਾਡੇ ਲਈ ਹੋਰ ਕੀ ਕੁਝ ਹੈ, ਪਰ ਅਸੀਂ ਜਾਣਦੇ ਹਾਂ ਕਿ ਉਸ ਵਿੱਚ ਕੁਝ ਅਜਿਹਾ ਹੋਣਾ ਚਾਹੀਦਾ ਹੈ ਜੋ ਉਹ ਅੱਗੇ ਲਿਆਉਣ ਵਾਲਾ ਹੈ। ਹੋ ਸਕਦਾ ਹੈ ਕਿ ਤੁਹਾਡੇ ਦਿਮਾਗ ਵਿੱਚ ਇੱਕ ਸਵਾਲ ਹੋਵੇ, ਜਿਸ ਬਾਰੇ ਉਹ ਉਥੋਂ ਬੋਲੇਗਾ। ਹੋ ਸਕਦਾ ਹੈ ਕਿ ਉਹ ਅੱਜ ਸਵੇਰੇ ਸੰਦੇਸ਼ ਰਾਹੀਂ ਗੱਲ ਕਰੇ। ਉਹ ਅੱਜ ਰਾਤ ਨੂੰ ਸਭਾ ਵਿੱਚ ਬੋਲ ਸਕਦਾ ਹੈ। ਉਹ, ਅੱਜ ਕਿਤੇ ਨਾ ਕਿਤੇ, ਉਹ ਕਿਸੇ ਨੂੰ ਚੇਤਾਵਨੀ ਦੇਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਉਹ ਵਚਨਾਂ ਨੂੰ ਫੜ ਲਵੇ।

53 ਹੁਣ ਲਿਖਤੀ ਬਚਨ ਵੱਲ ਜਾਣ ਲਈ, ਆਓ ਅਸੀਂ ਕੂਚ ਦੀ ਕਿਤਾਬ ਵਿੱਚ ਚੱਲੀਏ, ਸੰਡੇ ਸਕੂਲ ਦੇ ਵਿਸ਼ੇ ਦੇ ਲਈ।

54 ਕੀ ਤੁਹਾਡੇ ਕੋਲ ਬਪਤਿਸਮੇ ਦੀ ਸਭਾ ਹੈ? [ਭਾਈ ਨੇਵਿਲ ਕਹਿੰਦਾ ਹੈ, "ਨਹੀਂ, ਅੱਜ ਸ਼ਾਮ ਛੇ ਵਜੇ ਤੱਕ ਨਹੀਂ।"—ਸੰਪਾ.] ਨਹੀਂ। ਅੱਜ ਦੁਪਹਿਰ ਛੇ ਵਜੇ ਬਪਤਿਸਮੇ ਦੀ ਸਭਾ ਹੈ।

55 ਆਓ ਕੂਚ ਦੇ 17ਵੇਂ ਅਧਿਆਇ ਤੇ ਚੱਲੀਏ, ਅਤੇ 5ਵੀਂ ਆਇਤ ਦੇ ਨਾਲ—ਨਾਲ ਸ਼ੁਰੂ ਕਰੀਏ, ਮੈਨੂੰ ਯਕੀਨ ਹੈ, ਕੂਚ ਦੇ 17ਵੇਂ ਅਧਿਆਇ ਦੀ 5ਵੀਂ ਅਤੇ 6ਵੀਂ ਆਇਤ।

> *ਅਤੇ* **ਯਹੋਵਾਹ** *ਨੇ ਮੂਸਾ ਨੂੰ ਆਖਿਆ, ਪਰਜਾ ਦੇ ਅੱਗੋਂ ਦੀ ਲੰਘ ਅਤੇ ਆਪਣੇ ਸੰਗ ਇਸਰਾਏਲ ਦੇ ਬਜ਼ੁਰਗਾਂ ਵਿੱਚੋਂ ਲੈ; ਅਤੇ ਆਪਣੇ ਢਾਂਗੇ ਨੂੰ ਜਿਹੜਾ ਤੈਂ ਦਰਿਆ ਉੱਤੇ ਮਾਰਿਆ ਸੀ ਆਪਣੇ ਹੱਥ ਵਿੱਚ ਲੈ ਅਰ ਚੱਲ।*
>
> *ਵੇਖ, ਮੈਂ ਤੇਰੇ...ਅੱਗੇ ਹੋਰੇਬ ਦੀ ਚਟਾਨ ਉੱਤੇ ਖੜਾ ਹੋਵਾਂਗਾ; ਅਤੇ...ਤੂੰ ਚਟਾਨ ਨੂੰ ਮਾਰੀਂ, ਤਾਂ ਉਸ ਵਿੱਚੋਂ ਪਾਣੀ ਨਿੱਕਲੇਗਾ ਤਾਂ ਜੋ ਲੋਕ ਇਸ ਵਿੱਚੋਂ ਪੀਣ। ਤਾਂ ਮੂਸਾ ਨੇ ਇਸਰਾਏਲ ਦੇ ਬਜ਼ੁਰਗਾਂ ਦੇ ਸਨਮੁਖ ਤਿਵੇਂ ਹੀ ਕੀਤਾ।*

56 ਹੁਣ ਜੇ ਮੈ ਇਸ ਨੂੰ ਇੱਕ ਸੰਡੇ ਸਕੂਲ ਦਾ ਵਿਸ਼ਾ ਕਹਾਂ, ਮੈਂ ਇਸਨੂੰ ਅੱਜ ਸਵੇਰ ਦੇ ਸਿੱਖਿਆ ਦੇ ਵਿਸ਼ੇ ਵਜੋਂ ਲੈਣਾ ਚਾਹਾਂਗਾ, *ਚਟਾਨ ਤੋਂ ਸਦਾ-ਮੁਹੱਈਆ ਹੋਣ ਵਾਲਾ ਜਲ।*

57 ਅਸੀਂ ਜਾਣਦੇ ਹਾਂ ਕਿ ਇਜ਼ਰਾਈਲ ਹਮੇਸ਼ਾ ਕਲੀਸਿਯਾ ਦਾ ਇਤਿਹਾਸਕ ਨਮੂਨਾ ਰਿਹਾ ਹੈ। ਕਿਉਂਕਿ, ਇਜ਼ਰਾਈਲ ਉਦੋਂ ਤੱਕ ਪਰਮੇਸ਼ੁਰ ਦੇ ਲੋਕ ਸਨ ਜਦੋਂ ਤੱਕ ਉਹ ਮਿਸਰ ਤੋਂ ਬਾਹਰ ਨਹੀਂ ਆਏ, ਅਤੇ ਉਸ ਤੋਂ ਬਾਅਦ ਉਹ ਪਰਮੇਸ਼ੁਰ ਦੀ ਕਲੀਸਿਯਾ ਸਨ ਕਿਉਂਕਿ ਉਹ ਬਾਕੀ ਦੁਨੀਆਂ ਤੋਂ ਵੱਖ ਹੋ ਗਏ ਸਨ।

58 ਅਤੇ ਜਦੋਂ ਅਸੀਂ ਬਾਕੀ ਦੁਨੀਆਂ ਤੋਂ ਵੱਖ ਹੋ ਜਾਂਦੇ ਹਾਂ, ਤਦ ਅਸੀਂ ਕਲੀਸਿਯਾ ਬਣ ਜਾਂਦੇ ਹਾਂ। ਪਰ ਜਿੰਨਾ ਚਿਰ ਅਸੀਂ ਬਾਕੀ ਦੁਨੀਆਂ ਨਾਲ ਉਲਝੇ ਹੋਏ ਹਾਂ, ਉਦੋਂ ਤੱਕ ਅਸੀਂ ਕਲੀਸਿਯਾ ਵਿੱਚ ਨਹੀਂ ਹਾਂ। ਹੁਣ ਮੈਨੂੰ ਵਿਸ਼ਵਾਸ ਹੈ ਕਿ ਇਹ ਡੂੰਘਾਈ ਵਿੱਚ ਜਾ ਰਿਹਾ ਹੈ, ਆਪਣੀ ਜਗ੍ਹਾ ਨੂੰ ਲੈ ਰਿਹਾ ਹੈ। ਵੇਖੋ, ਅਸੀਂ ਉਦੋਂ ਤੱਕ ਕਲੀਸਿਯਾ ਨਹੀਂ ਹਾਂ ਜਦੋਂ ਤੱਕ ਅਸੀਂ ਸੰਸਾਰ ਤੋਂ ਵੱਖ ਨਹੀਂ ਹੋ ਜਾਂਦੇ। ਆਪਣੇ ਆਪ ਨੂੰ ਵੱਖ ਕਰੀਏ, ਅਸ਼ੁੱਧ ਲੋਕਾਂ ਵਿੱਚੋਂ ਬਾਹਰ ਨਿੱਕਲੀਏ, ਉਨ੍ਹਾਂ ਨਾਲ ਵਿਹਾਰ ਨਾ ਰੱਖੀਏ, ਅਤੇ ਉਨ੍ਹਾਂ ਦੇ ਪਾਪਾਂ ਦੇ ਭਾਗੀਦਾਰ ਨਾ ਬਣੀਏ। ਬੇਪਰਤੀਤਿਆਂ ਨਾਲ ਅਣਸਾਵੇਂ ਨਾ ਜੁੱਤੋਂ, ਪਰ ਆਪਣੇ ਆਪ ਨੂੰ ਸੰਸਾਰ ਦੀਆਂ ਚੀਜ਼ਾਂ ਤੋਂ ਵੱਖ ਕਰੋ।

59 ਅਤੇ ਜਦੋਂ ਇਸਰਾਏਲ ਮਿਸਰ ਵਿੱਚ ਸੀ, ਤਦ ਉਹ ਪਰਮੇਸ਼ੁਰ ਦੇ ਲੋਕ ਸਨ। ਫਿਰ ਜਦੋਂ ਉਨ੍ਹਾਂ ਨੂੰ ਬਾਹਰ ਬੁਲਾਇਆ ਗਿਆ, ਜਾਂ ਕੂਚ ਕੀਤਾ, ਬਾਹਰ ਆਉਂਦੇ ਹੋਏ, ਤਦ ਉਨ੍ਹਾਂ ਨੂੰ ਕਲੀਸਿਯਾ ਕਿਹਾ ਗਿਆ, ਕਿਉਂਕਿ ਉਦੋਂ ਹੀ ਉਨ੍ਹਾਂ ਨੇ ਆਪਣੇ ਆਪ ਨੂੰ ਬਾਕੀ ਦੁਨੀਆਂ ਤੋਂ ਵੱਖ ਕਰ ਲਿਆ ਸੀ।

60 ਅਤੇ *ਕਲੀਸਿਯਾ* ਸ਼ਬਦ ਦਾ ਅਰਥ ਹੀ "ਬਾਹਰ ਬੁਲਾਏ ਗਏ" ਹੈ। ਕੂਚ, "ਬਾਹਰ ਆਉਣਾ।" ਸਾਡੇ ਵਿੱਚੋਂ ਹਰ ਇੱਕ ਦਾ, ਮਸੀਹੀ ਹੋਣ ਦੇ ਕਰਕੇ, ਸਾਡੀ ਜ਼ਿੰਦਗੀ ਵਿੱਚ ਇੱਕ ਕੂਚ ਹੋਇਆ ਹੈ। ਸਾਡੇ ਤੇ ਇੱਕ ਸਮਾਂ ਆਇਆ ਸੀ ਜਦੋਂ ਸਾਨੂੰ ਸਾਡੇ ਸਾਥੀਆਂ ਵਿੱਚੋਂ ਬੁਲਾਇਆ ਗਿਆ ਸੀ, ਉਨ੍ਹਾਂ ਲੋਕਾਂ ਵਿੱਚੋਂ ਬਾਹਰ ਬੁਲਾਇਆ ਗਿਆ ਸੀ ਜਿਨ੍ਹਾਂ ਨਾਲ ਅਸੀਂ ਇੱਕ ਵਾਰ ਸੰਗਤ ਕੀਤੀ ਸੀ, ਅਤੇ ਇੱਕ ਵੱਖਰੇ ਲੋਕ ਬਣ ਗਏ, ਕੁਝ ਵੱਖਰੇ ਲੋਕਾਂ ਨਾਲ ਚੱਲਣ ਲਈ ਜੋ ਇੱਕ ਵੱਖਰੇ ਤਰੀਕੇ ਨਾਲ ਕੰਮ ਕਰਦੇ ਅਤੇ ਇੱਕ ਵੱਖਰੇ ਤਰੀਕੇ ਨਾਲ ਗੱਲ ਕਰਦੇ ਸਨ। ਇਹ ਸਾਡੇ ਜੀਵਨ ਵਿੱਚ ਇੱਕ ਕੂਚ ਸੀ।

61 ਇਜ਼ਰਾਈਲ ਨੇ ਸਾਨੂੰ ਬਹੁਤ ਵਧੀਆ ਉਦਾਹਰਣ ਦਿੱਤੀ, ਜਦੋਂ ਪਰਮੇਸ਼ੁਰ ਨੇ ਉਨ੍ਹਾਂ ਨੂੰ ਬਾਹਰ ਬੁਲਾਇਆ। ਉਨ੍ਹਾਂ ਕੋਲ ਇੱਕ ਕੂਚ ਸੀ, ਅਤੇ ਉਨ੍ਹਾਂ ਸੰਸਾਰ ਦੇ ਲੋਕ ਵਿੱਚੋਂ ਬਾਹਰ ਨਿਕਲ ਆਏ ਸਨ, ਅਤੇ ਪਰਮੇਸ਼ੁਰ ਲਈ ਇੱਕ ਵੱਖਰੀ ਕੌਮ ਬਣ ਗਏ, ਖਾਸ ਲੋਕ। ਉਹ ਦਯਾ ਦੇ ਆਸਣ ਦੇ ਪਰਛਾਵੇਂ ਹੇਠ ਚਲੇ। ਉਹ ਉਸ ਮਹਾਨ ਅੱਗ ਦੇ ਥੰਮ੍ਹ ਦੇ ਨਾਲ ਰਹੇ ਅਤੇ ਚਲੇ। ਅਤੇ ਪਰਮੇਸ਼ੁਰ

ਨੇ ਉਨ੍ਹਾਂ ਨੂੰ ਮਿਸਰ ਤੋਂ ਉਸ ਧਰਤੀ ਉੱਤੇ ਲਿਆਂਦਾ ਜਿਸਦਾ ਉਸਨੇ ਵਾਅਦਾ ਕੀਤਾ ਸੀ।

62 ਅਤੇ, ਇਸ ਕੂਚ ਵਿੱਚ, ਉਹਨਾਂ ਨੂੰ ਇੱਕ ਆਤਮਿਕ ਆਗੂ ਦਿੱਤਾ ਗਿਆ ਸੀ, ਇੱਕ ਆਗੂ, ਜੋ ਮੂਸਾ ਸੀ, ਇੱਕ ਮਹਾਨ ਮਸਹ ਕੀਤਾ ਹੋਇਆ ਨਬੀ ਜੋ ਕਿ ਇੱਕ—ਇੱਕ ਮਹਾਨ ਆਦਮੀ ਸੀ। ਉਹ ਇੱਕ ਧਰਮੀ ਮਨੁੱਖ ਸੀ, ਉਹ ਇੱਕ ਧਰਮੀ ਮਨੁੱਖ ਪੈਦਾ ਹੋਇਆ ਸੀ। ਪਰਮੇਸ਼ੁਰ ਨੇ ਉਸਨੂੰ ਉਸਦੀ ਮਾਂ ਤੋਂ ਬੁਲਾਇਆ, ਉਸ ਸਮੇਂ ਤੋਂ ਵੀ ਪਹਿਲਾਂ; ਪਰਮੇਸ਼ੁਰ ਨੇ ਉਸਨੂੰ ਜਗਤ ਦੀ ਨੀਂਹ ਰੱਖਣ ਤੋਂ ਪਹਿਲਾਂ ਠਹਿਰਾਇਆ ਸੀ, ਉਸ ਪੀੜ੍ਹੀ ਦਾ ਆਗੂ ਬਣਨ ਲਈ, ਤਾਂ ਜੋ ਕੂਚ ਨੂੰ ਲੋਕਾਂ ਤੱਕ ਪਹੁੰਚਾਵੇ।

63 ਇੱਥੇ ਕੁਝ ਸਮਾਂ ਪਹਿਲਾਂ, ਮੈਂ ਇੱਥੇ ਡੇਰੇ ਵਿੱਚ ਛੋਟੇ ਬੱਚਿਆਂ ਨਾਲ ਗੱਲ ਕੀਤੀ ਸੀ, ਅਤੇ ਉਹਨਾਂ ਲਈ ਇੱਕ ਛੋਟਾ ਜਿਹਾ ਸੰਦੇਸ਼ ਪਰਚਾਰ ਕੀਤਾ ਸੀ; ਅਤੇ ਦੱਸਿਆ, ਜਾਂ ਇੱਕ ਛੋਟਾ ਜਿਹਾ ਦ੍ਰਿਸ਼ਟਾਂਤ ਦਿੱਤਾ ਸੀ ਕਿ ਕਿਵੇਂ ਯੋਕਬਦ, ਉਸਨੇ ਕਿਵੇਂ ਪ੍ਰਾਰਥਨਾ ਕੀਤੀ ਸੀ, ਉਸਨੇ ਅਤੇ ਮੂਸਾ ਦੇ ਪਿਤਾ ਅਮਰਾਮ ਨੇ, ਲੋਕਾਂ ਨੂੰ ਛੁਡਾਉਣ ਲਈ ਕੁਝ ਕਰਨ ਬਾਰੇ। ਅਤੇ ਅਮਰਾਮ ਨੇ ਦਰਸ਼ਣ ਦੇਖਿਆ ਜਿਸ ਵਿੱਚ ਪਰਮੇਸ਼ੁਰ ਜਾਂ ਇੱਕ ਦੂਤ ਖੜ੍ਹਾ ਸੀ, ਉੱਤਰ ਦਿਸ਼ਾ ਵੱਲ ਇਸ਼ਾਰਾ ਕਰ ਰਿਹਾ ਸੀ, ਅਤੇ ਉਸਨੂੰ ਦੱਸਿਆ ਕਿ ਕੀ ਹੋਵੇਗਾ। ਅਤੇ ਛੋਟਾ ਮੂਸਾ ਪੈਦਾ ਹੋਇਆ। ਅਤੇ ਉਹ ਨਾ ਤਾਂ ਰਾਜੇ ਦੇ ਹੁਕਮਾਂ ਤੋਂ ਡਰਦੇ ਸਨ, ਨਾ ਹੀ ਧਮਕੀਆਂ ਤੋਂ। ਉਹ ਜਾਣਦੇ ਸਨ ਕਿ ਮੂਸਾ ਉੱਤੇ ਪਰਮੇਸ਼ੁਰ ਦਾ ਹੱਥ ਸੀ, ਅਤੇ ਇਸ ਨਾਲ ਗੱਲ ਖਤਮ ਹੋ ਜਾਂਦੀ ਹੈ। ਇਹ ਠੀਕ ਹੈ। ਇਸ ਨਾਲ ਕੋਈ ਫਰਕ ਨਹੀਂ ਪੈਂਦਾ ਸੀ ਕਿ ਰਾਜੇ ਨੇ ਕੀ ਕਿਹਾ ਸੀ, ਸਿਆਸਤੀ ਜਗਤ ਨੇ ਕੀ ਕਿਹਾ ਸੀ, ਜਾਂ ਹੋਰ ਕਿਸੇ ਨੇ ਕੀ ਕਿਹਾ ਸੀ, ਉਹ ਜਾਣਦੇ ਸਨ ਕਿ ਪਰਮੇਸ਼ੁਰ ਦਾ ਹੱਥ ਮੂਸਾ ਉੱਤੇ ਸੀ। ਇਸ ਲਈ ਉਹ ਉਸ ਨੂੰ ਮਗਰਮੱਛਾਂ ਦੇ ਵਿੱਚ ਛੱਡਣ ਤੋਂ ਨਹੀਂ ਡਰੇ; ਜਦਕਿ ਉਹ ਸਾਰੇ ਛੋਟੇ ਇਬਰਾਨੀ ਬੱਚਿਆਂ ਨੂੰ ਖਾ ਕੇ ਮੋਟੇ ਹੋ ਗਏ ਸਨ, ਜਿੱਥੇ ਉਨ੍ਹਾਂ ਨੇ ਉਨ੍ਹਾਂ ਬੱਚਿਆਂ ਨੂੰ ਮਗਰਮੱਛਾਂ ਨੂੰ ਖੁਆਇਆ ਸੀ। ਅਤੇ ਫਿਰ ਵੀ ਮੂਸਾ ਨੂੰ ਇੱਕ ਛੋਟੀ ਜਿਹੀ ਕਿਸ਼ਤੀ ਵਿੱਚ ਰੱਖਿਆ ਗਿਆ ਸੀ ਅਤੇ ਮਗਰਮੱਛਾਂ ਦੇ ਵਿਚਕਾਰ, ਬਿਲਕੁਲ ਉਹਨਾਂ ਦੇ ਵਿਚਕਾਰ ਭੇਜ ਦਿੱਤਾ ਗਿਆ ਸੀ। ਕਿਉਂਕਿ, ਉਹ ਕਿਸੇ ਗੱਲ ਤੋਂ ਨਹੀਂ ਡਰਦੇ ਸਨ, ਉਹ ਜਾਣਦੇ ਸਨ ਕਿ ਪਰਮੇਸ਼ੁਰ ਦਾ ਹੱਥ ਮੂਸਾ ਉੱਤੇ ਸੀ।

64 ਖੈਰ, ਹੁਣ, ਜੇਕਰ ਅਸੀਂ ਇਹੀ ਗੱਲ ਜਾਣ ਸਕਦੇ, ਕਿ ਸਾਡੇ ਮਹਾਨ ਆਗੂ ਨੇ, ਪਰਮੇਸ਼ੁਰ ਨੇ ਪਵਿੱਤਰ ਆਤਮਾ ਨੂੰ ਭੇਜਿਆ ਹੈ, ਅਤੇ ਉਹ ਸਾਡਾ ਆਗੂ ਹੈ, ਅਤੇ ਕੋਈ ਫਰਕ ਨਹੀਂ ਪੈਂਦਾ ਕਿ ਦੁਨੀਆਂ ਕੀ ਕਹਿੰਦੀ ਹੈ, ਅਤੇ ਉਹ ਤੁਹਾਡੇ

ਤੇ ਕਿੰਨਾ ਹੱਸਦੇ ਹਨ ਅਤੇ ਤੁਹਾਡਾ ਮਜ਼ਾਕ ਉਡਾਉਂਦੇ ਹਨ, ਅਸੀਂ ਆਪਣੇ ਆਗੂ ਦੇ ਪਿੱਛੇ ਚਲਾਂਗੇ! ਪਰਮੇਸ਼ੁਰ ਨੇ ਪਵਿੱਤਰ ਆਤਮਾ ਨੂੰ ਸਾਡਾ ਆਗੂ ਬਣਨ ਲਈ ਭੇਜਿਆ ਹੈ। ਸਮਝੇ? “ਥੋੜੇ ਚਿਰ ਪਿੱਛੋਂ ਸੰਸਾਰ ਮੈਨੂੰ ਹੋਰ ਨਹੀਂ ਦੇਖੇਗਾ। ਫਿਰ ਵੀ ਤੁਸੀਂ ਮੈਨੂੰ ਵੇਖੋਂਗੇ, ਕਿਉਂਕਿ ਮੈਂ ਤੁਹਾਡੇ ਨਾਲ ਹੋਵਾਂਗਾ, ਇੱਥੋਂ ਤੱਕ ਕਿ ਤੁਹਾਡੇ ਵਿੱਚ, ਸੰਸਾਰ ਦੇ ਅੰਤ ਤੱਕ।” ਇਸ ਲਈ, ਸਾਡਾ ਮਹਾਨ ਆਗੂ, ਪਵਿੱਤਰ ਆਤਮਾ ਸਾਡੇ ਨਾਲ ਹੈ। ਹੁਣ ਸਾਨੂੰ ਇਸ ਆਗੂ ਦੇ ਪਿੱਛੇ ਚਲਣਾ ਚਾਹੀਦਾ ਹੈ ਅਤੇ ਉਸੇ ਤਰ੍ਹਾਂ ਕਰਨਾ ਚਾਹੀਦਾ ਹੈ ਜਿਵੇਂ ਉਹ ਕਹਿੰਦਾ ਹੈ। ਅਤੇ ਇਹ ਆਗੂ ਸਾਨੂੰ ਕਦੇ ਵੀ ਰਸਤੇ ਤੋਂ ਨਹੀਂ ਹਟਾਏਗਾ, ਉਹ ਸਾਨੂੰ ਹਰ ਸਮੇਂ ਠੀਕ ਵਚਨ ਦੇ ਮਾਰਗ ਤੇ ਰੱਖੇਗਾ। ਪਰ ਉਹ ਕਦੇ ਵੀ ਕਿਸੇ ਚੀਜ਼ ਲਈ *ਇੱਕ* ਪਾਸੇ ਨਹੀਂ ਜਾਵੇਗਾ, ਅਤੇ ਕਿਸੇ ਹੋਰ ਚੀਜ਼ ਲਈ *ਇਸ* ਪਾਸੇ। ਉਹ ਠੀਕ ਵਚਨ ਦੇ ਮਾਰਗ ਵਿੱਚ ਸਿੱਧਾ ਰਹੇਗਾ।

65 ਅਤੇ ਮੂਸਾ ਕੋਲ ਇੱਕ ਰਾਹ ਸੀ ਜਿਸ ਤੇ ਉਸਨੇ ਇਸਰਾਏਲ ਨੂੰ ਲੈ ਜਾਣਾ ਸੀ ਅਤੇ ਉਸ ਤੋਂ ਬਾਅਦ ਸਿੱਧਾ ਲਾਲ ਸਮੁੰਦਰ ਦੇ ਬਿਲਕੁਲ ਪਾਰ ਜਾਣਾ ਸੀ, ਸਿੱਧਾ ਯਰਦਨ ਨਦੀ ਦੇ ਪਾਰ, ਵਾਅਦਾ ਕੀਤੀ ਹੋਈ ਧਰਤੀ ਵਿੱਚ, ਉਜਾੜ ਵਿੱਚੋਂ ਦੀ ਹੁੰਦੇ ਹੋਏ। ਇਹ ਮੂਸਾ ਨਹੀਂ ਸੀ ਜੋ ਲਕੀਰ ਤੋਂ ਬਾਹਰ ਸੀ। ਇਹ ਪਰਮੇਸ਼ੁਰ ਨਹੀਂ ਸੀ ਜੋ ਲਕੀਰ ਤੋਂ ਬਾਹਰ ਨਹੀਂ ਸੀ। ਇਹ ਲੋਕ ਸਨ ਜੋ ਲਕੀਰ ਤੋਂ ਬਾਹਰ ਸਨ, ਜੋ ਮੁਸੀਬਤ ਦਾ ਕਾਰਣ ਬਣੇ ਸਨ। ਸੋ, ਆਓ ਹੁਣ ਇਨ੍ਹਾਂ ਗੱਲਾਂ ਬਾਰੇ ਸੋਚੀਏ। (ਮੈਨੂੰ ਮਾਫ ਕਰਨਾ।)

66 ਮੂਸਾ, ਜੋ ਇੱਕ ਮਸਹ ਕੀਤਾ ਹੋਇਆ ਆਗੂ ਸੀ। ਆਖਰਕਾਰ, ਜਦੋਂ ਉਸਨੇ ਲੋਕਾਂ ਨੂੰ ਚਿੰਨ੍ਹਾਂ ਅਤੇ ਅਚੰਭਿਆਂ ਦੁਆਰਾ ਦਿਖਾਇਆ, ਜੋ ਸਿਰਫ਼ ਪਰਮੇਸ਼ੁਰ ਹੀ ਕਰ ਸਕਦਾ ਸੀ, ਉਸਨੇ ਇਸਰਾਏਲ ਦੇ ਬਜ਼ੁਰਗਾਂ, ਅਤੇ ਇਸਰਾਏਲ ਦੇ ਸਾਮ੍ਹਣੇ ਇਹ ਚਿੰਨ੍ਹ ਅਤੇ ਅਚੰਭੇ ਵਿਖਾਏ, ਜਦ ਤੱਕ ਉਹ ਸੰਤੁਸ਼ਟ ਨਾ ਹੋਏ ਕਿ ਇਹ ਮੂਸਾ ਹੀ ਹੈ ਜੋ ਮਸਹ ਕੀਤਾ ਹੋਇਆ ਹੈ ਜੋ ਉਨ੍ਹਾਂ ਨੂੰ ਇਸ ਦੇਸ਼ ਵਿੱਚੋਂ ਬਾਹਰ ਲੈ ਜਾਣ ਵਾਲਾ ਸੀ, ਉਸ ਚੰਗੀ ਧਰਤੀ ਵਿੱਚ ਜਿਸਦਾ ਉਨ੍ਹਾਂ ਨਾਲ ਵਾਅਦਾ ਕੀਤਾ ਗਿਆ ਸੀ। ਫ਼ੇਰ ਜਦੋਂ ਉਨ੍ਹਾਂ ਨੇ ਇਹ ਮਹਾਨ ਗੱਲਾਂ ਦੇਖੀਆਂ ਜੋ ਮੂਸਾ ਨੇ ਪਰਮੇਸ਼ੁਰ ਦੇ ਨਾਮ ਵਿੱਚ ਕੀਤੀਆਂ ਸਨ, ਤਾਂ ਉਹ ਉਸ ਦੇ ਪਿੱਛੇ ਚੱਲਣ ਲਈ ਤਿਆਰ ਹੋ ਗਏ। ਅਤੇ ਉਹ ਉਨ੍ਹਾਂ ਨੂੰ ਬਾਹਰ ਲੈ ਗਿਆ, ਉਨ੍ਹਾਂ ਨੂੰ ਲਾਲ ਸਾਗਰ ਵਿੱਚੋਂ ਦੀ ਲੰਘਾਇਆ, ਪਾਰ ਕੀਤਾ, ਸੁੱਕੀ ਧਰਤੀ ਉੱਤੇ ਲੈ ਗਿਆ, ਅਤੇ ਉਜਾੜ ਦੀ ਯਾਤਰਾ ਵਿੱਚ, ਜਿਸਦਾ ਅਰਥ ਹੈ ਪਰੀਖਿਆਵਾਂ ਦਾ ਸਮਾਂ।

67 ਜਦੋਂ ਕੋਈ ਵਿਅਕਤੀ ਮਸੀਹ ਨੂੰ ਆਪਣੇ ਮੁਕਤੀਦਾਤਾ ਵਜੋਂ ਸਵੀਕਾਰ

ਕਰਦਾ ਹੈ, ਤਾਂ ਹਰ ਇੱਕ ਚੀਜ ਘਰ ਦੀ ਛੱਤ ਤੇ ਹੁੰਦੀ ਹੈ। ਪਰ, ਇਸ ਤੋਂ ਪਹਿਲਾਂ ਕਿ ਇਹ ਮਨੁੱਖ ਪਵਿੱਤਰ ਆਤਮਾ ਦੇ ਬਪਤਿਸਮੇ ਵਿੱਚ ਆ ਸਕੇ, ਇਹ ਵਿਅਕਤੀ, ਉਸ ਕੋਲ ਪਹਿਲਾਂ ਇੱਕ ਪਵਿੱਤਰੀਕਰਣ ਦੀ ਪ੍ਰਕਿਰਿਆ ਹੋਣੀ ਚਾਹੀਦੀ ਹੈ। ਉਸ ਦੇ ਜੀਵਨ ਵਿੱਚ ਇੱਕ ਇਮਤਿਹਾਨ ਦਾ ਸਮਾਂ ਹੋਣਾ ਚਾਹੀਦਾ ਹੈ। ਤੁਹਾਡੇ ਸਾਰਿਆਂ ਕੋਲ ਇਹ ਸੀ। ਉਸ ਕੋਲ ਇਹ ਪ੍ਰੀਖਿਆ ਦਾ ਸਮਾਂ ਸੀ। "ਹਰ ਪੁੱਤਰ ਜੋ ਪਰਮੇਸ਼ੁਰ ਕੋਲ ਆਉਂਦਾ ਹੈ, ਪਹਿਲਾਂ ਉਸ ਨੂੰ ਕੋਰੜੇ ਮਾਰੇ ਜਾਂਦੇ ਹਨ, ਤਾੜਨਾ, ਤਾੜਨਾ ਦਿੱਤੀ ਜਾਂਦੀ ਹੈ। ਅਤੇ ਜੇਕਰ ਅਸੀਂ ਤਾੜਨਾ ਨੂੰ ਸਹਿਣ ਨਹੀਂ ਕਰ ਸਕਦੇ, ਤਾਂ ਇਹ ਦਿਖਾਉਂਦਾ ਹੈ ਕਿ ਅਸੀਂ ਪਰਮੇਸ਼ੁਰ ਦੇ ਬੱਚੇ ਨਹੀਂ ਹਾਂ; ਅਸੀਂ ਨਜਾਇਜ਼ ਔਲਾਦ ਹਾਂ, ਪਰਮੇਸ਼ੁਰ ਦੇ ਬੱਚੇ ਨਹੀਂ," ਬਾਈਬਲ ਨੇ ਕਿਹਾ ਹੈ। ਪਰ ਜੇ ਅਸੀਂ ਤਾੜਨਾ ਨੂੰ ਸਹਿਣ ਕਰ ਸਕਦੇ ਹਾਂ, ਇਹ ਜਾਣਦੇ ਹੋਏ ਕਿ "ਸਾਰੀਆਂ ਚੀਜ਼ਾਂ ਮਿਲ ਕੇ ਉਨ੍ਹਾਂ ਦਾ ਭਲਾ ਕਰਦੀਆਂ ਹਨ ਜੋ ਪਰਮੇਸ਼ੁਰ ਨੂੰ ਪ੍ਰੇਮ ਕਰਦੇ ਹਨ," ਫਿਰ ਅਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹਾਂ, ਫਿਰ ਉਹ ਸਾਡੇ ਮੁਕਤੀ ਦੇ ਦਿਨ ਤੱਕ ਸਾਨੂੰ ਪਵਿੱਤਰ ਆਤਮਾ ਨਾਲ ਮੋਹਰ ਕਰ ਦਿੰਦਾ ਹੈ। ਵੇਖੋ, ਇਹ ਤਾੜਨਾ ਹੈ, ਤਣਾਅ ਹੈ, ਉਹ ਚੀਜ਼ ਜਿਸ ਵਿੱਚੋਂ ਅਸੀਂ ਲੰਘਦੇ ਹਾਂ।

ਅਤੇ ਇਜ਼ਰਾਈਲ ਨੂੰ, ਇੱਕ ਇਤਿਹਾਸਕ ਨਮੂਨੇ ਦੇ ਰੂਪ ਵਿੱਚ, ਇਹ ਤਾੜਨਾ ਝੱਲਣੀ ਪਈ।

68 ਹੁਣ, ਜਦੋਂ ਉਹ ਮਿਸਰ ਵਿੱਚ ਸਨ, ਅਤੇ ਪਰਮੇਸ਼ੁਰ ਨੇ ਮੂਸਾ ਨੂੰ ਭੇਜਿਆ। ਅਤੇ ਉਸਨੇ ਢਾਂਗੇ ਨੂੰ ਅੱਗੇ ਵਧਾਇਆ, ਅਤੇ ਪਿੱਸੂ ਅਤੇ ਜੂੰਆਂ ਜ਼ਮੀਨ ਤੇ ਆ ਗਈਆਂ। ਉਸ ਨੇ ਢਾਂਗਾ ਸੂਰਜ ਵੱਲ ਵਧਾਇਆ, ਅਤੇ ਉਹ ਡੁੱਬ ਗਿਆ। ਉਸ ਨੇ ਇਸ ਨੂੰ ਪਾਣੀਆਂ ਉੱਤੇ ਅੱਗੇ ਕੀਤਾ, ਅਤੇ ਪਾਣੀ ਲਹੂ ਵਿੱਚ ਬਦਲ ਗਏ। ਕਿਉਂ, ਇਸਰਾਏਲ ਕਨਾਨ ਵਿੱਚ ਸੀ...ਗੋਸ਼ਾਨਨ ਵਿੱਚ—ਵਿੱਚ, ਬਸ ਇੱਕ ਸ਼ਾਨਦਾਰ ਸਮਾਂ ਚੱਲ ਰਿਹਾ ਸੀ; ਸੂਰਜ ਕਦੇ ਨਹੀਂ ਡੁੱਬਿਆ, ਮਹਾਮਾਰੀਆਂ ਨੇ ਉਹਨਾਂ ਨੂੰ ਕਦੇ ਨਹੀਂ ਮਾਰਿਆ; ਕਿਉਂ, ਉਹ ਬਸ ਸ਼ਾਨਦਾਰ ਸਮਾਂ ਬਿਤਾ ਰਹੇ ਸਨ!

69 ਬਸ ਉਸੇ ਤਰ੍ਹਾਂ ਜਦੋਂ ਤੁਸੀਂ ਪਹਿਲੀ ਵਾਰ ਬਚਾਏ ਗਏ ਸੀ। ਹਰ ਚੀਜ਼, ਪੰਛੀਆਂ ਨੇ ਵੱਖਰੇ ਹੀ ਤਰੀਕੇ ਨਾਲ ਗਾਇਆ, ਅਤੇ ਹਰ ਕੋਈ ਚੰਗਾ ਸੀ। ਅਤੇ, ਔਹ, ਮੇਰੇ, ਜਦੋਂ ਤੁਸੀਂ ਪਹਿਲੀ ਵਾਰ ਬਚਾਏ ਗਏ ਸੀ ਤਾਂ ਸਭ ਕੁਝ ਕਿੰਨਾ ਚੰਗਾ ਲੱਗਦਾ ਸੀ! ਫਿਰ ਅਜ਼ਮਾਇਸ਼ ਦਾ ਸਮਾਂ ਆਉਂਦਾ ਹੈ, ਤਾੜਨਾ, ਪਵਿੱਤਰ ਕਰਨ ਦਾ ਸਮਾਂ, ਆਪਣੇ ਆਪ ਨੂੰ ਸੰਸਾਰ ਦੀਆਂ ਚੀਜ਼ਾਂ ਤੋਂ ਪਵਿੱਤਰ ਕਰਨਾ, "ਹਰੇਕ ਭਾਰ ਨੂੰ ਪਰੇ ਸੁੱਟ ਕੇ ਜਿਹੜਾ ਸਹਿਜ ਨਾਲ ਸਾਨੂੰ ਫਸਾ

ਲੈਂਦਾ ਹੈ।" ਤੁਹਾਨੂੰ, ਇੱਕ ਆਦਮੀ ਨੂੰ, ਆਪਣੀ ਸਿਗਰਟ ਪੀਣੀ ਬੰਦ ਕਰਨੀ ਪਈ, ਸ਼ਰਾਬ ਪੀਣੀ ਬੰਦ ਕਰਨੀ ਪਈ, ਆਪਣੇ ਪੂਲ ਰੂਮ ਵਿੱਚ ਜਾਣਾ, ਤੁਹਾਡੀਆਂ ਸਾਰੀ ਰਾਤ ਦੀਆਂ ਕਾਰਡ ਪਾਰਟੀਆਂ ਬੰਦ ਕਰਨੀਆਂ ਪਈਆਂ। ਉਹ ਸਾਰੀਆਂ ਚੀਜ਼ਾਂ, ਤੁਹਾਨੂੰ ਯਿਸੂ ਮਸੀਹ ਦੇ ਲਹੂ ਵਿੱਚ ਵਿਸ਼ਵਾਸ ਦੁਆਰਾ, ਉਨ੍ਹਾਂ ਤੋਂ ਆਪਣੇ ਆਪ ਨੂੰ ਪਵਿੱਤਰ ਕਰਨਾ ਪਿਆ ਸੀ। ਆਪਣੇ ਆਪ ਨੂੰ ਪਵਿੱਤਰ ਕਰਨਾ! ਤੁਹਾਨੂੰ ਔਰਤਾਂ ਨੂੰ ਆਪਣੇ ਵਾਲਾਂ ਨੂੰ ਵਧਣ ਦੇਣਾ ਪਿਆ, ਆਪਣੇ ਪਹਿਰਾਵੇ ਨੂੰ ਲੰਮਾ ਕਰਨਾ ਪਿਆ, ਅਤੇ ਉਸ ਤੋਂ ਵੱਖਰਾ ਕੰਮ ਕਰਨਾ ਪਿਆ ਜੋ ਤੁਸੀਂ ਸੀ। ਪਵਿੱਤਰੀਕਰਣ ਦਾ ਸਮਾਂ! ਕਈ ਵਾਰ ਉਹ ਬਾਗੀ ਹੋ ਕੇ ਵਾਪਸ ਚਲੇ ਜਾਂਦੇ ਸਨ; ਖੈਰ, ਇਹ ਪਰਮੇਸ਼ੁਰ ਦੀ ਸੰਤਾਨ ਨਹੀਂ ਹੈ, ਸਮਝੇ। ਪਰਮੇਸ਼ੁਰ ਦੀ ਸੰਤਾਨ ਸਿੱਧਾ ਕਲਵਰੀ ਵੱਲ ਵੇਖਦੀ ਹੈ, ਅਤੇ ਜਾਣਦੀ ਹੈ ਕਿ ਇਹ ਉਸਦੇ ਭਲੇ ਲਈ ਹੈ।

70 ਤਾਂ ਫਿਰ ਸਮੇਂ ਦੀ ਉਹ ਪ੍ਰਕਿਰਿਆ, ਉੱਥੇ ਹੀ ਇਜ਼ਰਾਈਲ ਵਿੱਚ ਵੱਡੀ ਗਿਰਾਵਟ ਆਉਂਦੀ ਹੈ। ਜਦੋਂ ਇਸ ਵੱਡੀ ਭੀੜ-ਭੜੱਕੇ ਦਾ ਸਮਾਂ ਸੀ, ਤਦ ਲੋਕ ਡਿੱਗਣ ਲੱਗੇ, ਇੱਕ ਪਾਸੇ ਤੋਂ ਦੂਜੇ ਪਾਸੇ। ਫਿਰ ਉਹ ਗੱਲਬਾਤ ਕਰਦੇ ਹੋਏ ਕਹਿੰਦੇ ਸਨ, "ਅੱਛਾ, ਕਾਸ਼ ਅਸੀਂ ਮਿਸਰ ਵਿੱਚ ਹੁੰਦੇ। ਸਾਡੇ ਪ੍ਰਾਣ ਇਸ ਹਲਕੀ ਰੋਟੀ ਤੋਂ ਨਫ਼ਰਤ ਕਰਦੇ ਹਨ।" ਦੂਜੇ ਸ਼ਬਦਾਂ ਵਿਚ, ਜੇ ਮੈਂ ਇਸ ਨੂੰ ਹੁਣ ਇਤਿਹਾਸਕ ਤੌਰ ਤੇ ਲਵਾਂਗਾ, ਤਾਂ ਉਨ੍ਹਾਂ ਨੇ ਇਹੀ ਕਿਹਾ ਸੀ।

71 ਹੁਣ ਆਧੁਨਿਕ ਦਿਨ ਵਿੱਚ, ਇਹ ਇੰਝ ਹੋਵੇਗਾ, "ਓਹ, ਹਰ ਬੁੱਧਵਾਰ ਰਾਤ, ਪ੍ਰਾਰਥਨਾ ਸਭਾ! ਹਰ ਐਤਵਾਰ ਸਵੇਰੇ, ਵਾਪਸ ਕਲੀਸਿਯਾ ਵਿੱਚ! ਅਸੀਂ ਕੀ ਸੁਣਦੇ ਹਾਂ? ਉਹੀ ਗੱਲ; ਪ੍ਰਚਾਰਕ ਖੜ੍ਹੇ ਹੋ ਕੇ ਪ੍ਰਚਾਰ ਕਰਦੇ ਹਨ; ਗੀਤ ਗਾਉਂਦੇ ਹਨ; ਵਾਪਸ ਚਲੇ ਜਾਂਦੇ ਹਨ।" ਦੇਖੋ, ਫਿਰ ਤੁਸੀਂ ਤਾਂ ਸਿਰਫ ਇੱਕ ਫਰਜ਼ ਨੂੰ ਪੂਰਾ ਕਰਨ ਜਾ ਰਹੇ ਹੋ। ਤੁਸੀਂ ਅਰਾਧਨਾ ਕਰਨ ਵਾਲੇ ਨਹੀਂ ਹੋ। ਉੱਥੇ ਇੱਕ ਅਰਾਧਨਾ ਕਰਨ ਵਾਲਾ ਅਰਾਧਨਾ ਕਰਨ ਲਈ ਜਾਂਦਾ ਹੈ, ਆਪਣੇ ਆਪ ਨੂੰ ਆਪਣੇ ਪਰਮੇਸ਼ੁਰ ਅੱਗੇ ਪ੍ਰਗਟ ਕਰਨ ਲਈ, ਪਰਮੇਸ਼ੁਰ ਦੀ ਭਲਿਆਈ ਲਈ ਉਸ ਦੀ ਉਸਤਤ ਕਰਨ ਲਈ; ਹਰ ਵਚਨ ਲਈ, ਉਹ ਇਸ ਨਾਲ ਬਣਿਆ ਰਹਿੰਦਾ ਹੈ।

72 ਬਸ ਜਿਵੇਂ ਪ੍ਰੇਮ ਸਬੰਧ ਹੁੰਦਾ ਹੈ। ਜੇ ਤੁਸੀਂ ਕਿਸੇ ਲੜਕੀ ਨਾਲ ਜਾਂਦੇ ਸੀ ਕਿਉਂਕਿ ਤੁਹਾਨੂੰ ਪਤਾ ਸੀ ਕਿ ਇਹ ਇੱਕ ਫਰਜ਼ ਹੈ, ਜਾਂ ਤੁਸੀਂ ਕਿਸੇ ਲੜਕੇ ਨਾਲ ਜਾਂਦੀਆਂ ਸੀ, ਜਦੋਂ ਤੁਸੀਂ ਜਵਾਨ ਸੀ। "ਮਾਂ ਚਾਹੁੰਦੀ ਹੈ ਕਿ ਮੈਂ ਇਸ ਲੜਕੇ ਨਾਲ ਜਾਵਾਂ, ਪਰ ਮੈਂ ਉਸਨੂੰ ਬਰਦਾਸ਼ਤ ਨਹੀਂ ਕਰ ਸਕਦੀ।" ਤਾਂ ਤੁਹਾਨੂੰ ਉਸ ਨਾਲ ਮਿਲ ਕੇ ਕੁਝ ਵੀ ਹਾਂਸਲ ਨਹੀਂ ਹੋਵੇਗਾ। ਜਾਂ, ਇਹੀ ਗੱਲ ਲੜਕੀ

ਦੇ ਲਈ ਲੜਕੇ ਦੇ, ਜਾਂ ਲੜਕੇ ਲਈ ਲੜਕੀ ਦੇ ਬਾਰੇ ਹੈ। ਤੁਸੀਂ ਉਸ ਦੇ ਨਾਲ ਜਾਂਦੇ ਹੋ, ਉਹ ਤੁਹਾਨੂੰ ਅਕਾ ਦਿੰਦੀ ਹੈ; ਮਾਂ ਚਾਹੁੰਦੀ ਹੈ ਕਿ ਤੁਸੀਂ ਉਸਦੇ ਨਾਲ ਜਾਓ ਕਿਉਂਕਿ ਉਹ ਉਸ ਕਿਸਮ ਦੀ ਕੁੜੀ ਹੈ ਜੋ ਮਾਂ ਨੂੰ ਪਸੰਦ ਹੈ। ਦੇਖੋ, ਇਹ ਤੁਹਾਨੂੰ ਅਕਾ ਦਿੰਦਾ ਹੈ; ਇਹ ਕੋਈ ਪ੍ਰੇਮ ਸਬੰਧ ਨਹੀਂ ਹੈ। ਪਰ ਤੁਸੀਂ ਪਰਵਾਹ ਨਹੀਂ ਕਰਦੇ, ਤੁਸੀਂ ਇਸ ਗੱਲ ਨੂੰ ਸਾਫ ਨਹੀਂ ਕਰਨਾ ਚਾਹੁੰਦੇ, ਕਿ ਤੁਸੀਂ ਉਸ ਨੂੰ ਮਿਲਣ ਨਹੀਂ ਜਾਣਾ ਚਾਹੁੰਦੇ। ਅਤੇ ਇਹ ਇੱਕ...ਕਿਉਂ, ਇਹ ਇੱਕ ਭਿਆਨਕ ਗੱਲ ਹੈ। ਅਤੇ ਜਦੋਂ ਉਹ ਤੁਹਾਨੂੰ ਮਿਲਣ ਆਉਂਦਾ ਹੈ, ਮੇਰੇ, ਤਾਂ ਤੁਸੀਂ ਬੱਸ ਚਾਹੁੰਦੀਆਂ ਹੋ ਕਿ ਉਹ ਜਲਦੀ ਵਾਪਸ ਘਰ ਚਲਾ ਜਾਵੇ।

73 ਇਹ ਉਸੇ ਤਰ੍ਹਾਂ ਹੈ ਜਦੋਂ ਤੁਸੀਂ, "ਉਹ ਇੰਨਾ ਲੰਮਾ ਪ੍ਰਚਾਰ ਕਿਉਂ ਕਰਦਾ ਹੈ? *ਇਸ* ਸਭ ਕੁਝ ਬਾਰੇ ਕੀ ਹੈ, ਅਤੇ ਸਭ ਕੁਝ?" ਵੇਖੋ, ਤੁਸੀਂ ਪ੍ਰੇਮ ਵਿੱਚ ਨਹੀਂ ਹੋ।

74 ਪਰ ਜਦੋਂ ਤੁਸੀਂ ਸੱਚਮੁੱਚ ਹਰ ਵਚਨ ਨੂੰ ਫੜ ਲੈਂਦੇ ਹੋ, ਜਿਵੇਂ ਅੱਜ ਸਵੇਰੇ ਆਤਮਾ ਨੇ ਤੁਹਾਨੂੰ ਚੇਤਾਵਨੀ ਦਿੱਤੀ ਹੈ, ਵੇਖੋ, "ਹਰ ਵਚਨ ਨੂੰ ਫੜ ਕੇ ਰੱਖਣਾ।" ਇਹ ਸ਼ਾਇਦ ਉਹੀ ਹੈ ਜਿਸ ਬਾਰੇ ਉਹ ਤੁਹਾਡੇ ਨਾਲ ਗੱਲ ਕਰ ਰਿਹਾ ਹੈ। ਫੜ ਕੇ ਰੱਖਣਾ! ਇਹ ਸਦੀਪਕ ਜੀਵਨ ਹੈ, ਪਰਮੇਸ਼ੁਰ ਦਾ ਹਰੇਕ ਵਚਨ। ਕਿਸੇ ਵੀ ਸਥਿਤੀ ਵਿੱਚ, ਕਲੀਸਿਯਾ ਵਿੱਚ ਜਾਣਾ ਇੱਕ ਖੁਸ਼ੀ ਦੀ ਗੱਲ ਹੈ। ਚਾਹੇ ਗਰਮੀ ਹੋਵੇ, ਠੰਢ ਹੋਵੇ, ਨਾਕਦਰੀ ਹੋਵੇ, ਚਾਹੇ ਲੋਕ ਹੰਗਾਮਾ ਕਰ ਰਹੇ ਹੋਣ, ਕ੍ਰੋਧ ਕਰ ਰਹੇ ਹੋਣ, ਚਾਹੇ ਜੋ ਵੀ ਕਰ ਰਹੇ ਹੋਣ, ਫਿਰ ਵੀ ਪ੍ਰਭੂ ਦੇ ਬਚਨ ਨੂੰ ਸੁਣਨਾ ਖੁਸ਼ੀ ਦੀ ਗੱਲ ਹੈ। ਤਦ ਤੁਸੀਂ ਮਸੀਹ ਦੇ ਨਾਲ ਪ੍ਰੇਮ ਵਿੱਚ ਹੁੰਦੇ ਹੋ, ਵੇਖਿਆ, ਜਦ ਤੁਸੀਂ ਕਲੀਸਿਯਾ ਵਿੱਚ ਜਾਣਾ ਪਸੰਦ ਕਰਦੇ ਹੋ।

75 "ਅੱਛਾ, ਪਿਆਰੇ, ਇੱਥੇ ਫਿਰ ਤੋਂ ਐਤਵਾਰ ਦੀ ਸਵੇਰ ਹੈ, ਮੇਰਾ ਅੰਦਾਜ਼ਾ ਹੈ ਕਿ ਸਾਨੂੰ ਨਿਆਣਿਆਂ ਨੂੰ ਨਵਾਉਣਾ ਚਾਹੀਦਾ ਹੈ ਅਤੇ ਉਥੇ ਜਾਣਾ ਚਾਹੀਦਾ ਹੈ। ਮੇਰਾ, ਇਹ ਬਹੁਤ ਅਕਾ ਦੇਣ ਵਾਲਾ ਹੈ!" ਦੇਖੋ, ਤਾਂ ਤੁਸੀਂ ਪ੍ਰੇਮ ਵਿੱਚ ਨਹੀਂ ਹੋ।

76 ਪਰ ਜੇ ਤੁਸੀਂ ਸੱਚਮੁੱਚ ਪਿਆਰ ਵਿੱਚ ਹੋ, ਤਾਂ ਤੁਸੀਂ ਐਤਵਾਰ ਦੀ ਸਵੇਰ ਹੋਣ ਤੱਕ ਇੰਤਜ਼ਾਰ ਨਹੀਂ ਕਰ ਸਕਦੇ, ਤੁਹਾਨੂੰ ਉਹਨਾਂ ਦੇ ਨਾਲ ਉੱਥੇ ਪਹੁੰਚਣਾ ਪਵੇਗਾ। ਅਤੇ ਅਸੀਂ ਵੇਖਦੇ ਹਾਂ, ਅਤੇ ਜਾਣ ਲਈ...ਪਰਮੇਸ਼ੁਰ ਦੇ ਲੋਕ, ਉਹ ਤੁਹਾਨੂੰ ਅਕਾਉਂਦੇ ਨਹੀਂ ਹਨ। ਕਿਉਂ, ਉਹ—ਉਹ ਭਾਈ ਅਤੇ ਭੈਣਾਂ ਹਨ। ਜਿਵੇਂ ਮੈਂ ਕਹਿੰਦਾ ਹੁੰਦਾ ਸੀ, "ਤੁਸੀਂ ਇਸ ਤਰ੍ਹਾਂ ਜੁੜ ਜਾਓ ਜਿਵੇਂ ਇੱਕ ਠੰਡੀ ਸਵੇਰ ਨੂੰ ਜਵਾਰ ਦਾ ਸ਼ਰਬਤ ਗਾੜ੍ਹਾ ਹੋ ਜਾਂਦਾ ਹੈ।" ਇਹ—ਇਹ ਰੁੜਦਾ ਨਹੀਂ ਹੈ, ਇਹ ਬਸ ਜਮ ਜਾਂਦਾ ਹੈ, ਤੁਸੀਂ ਜਾਣਦੇ ਹੋ, ਕੱਸ ਕੇ ਚਿਪਕ ਜਾਂਦਾ ਹੈ। ਹੁਣ,

ਇਹ ਇੱਕ ਸੱਖਤ ਵਾਕ ਹੈ, ਪਰ ਇਹ—ਇਹ—ਇਹ ਤੁਹਾਨੂੰ ਇਹ ਦੱਸਣ ਦੀ ਕੋਸ਼ਿਸ਼ ਕਰ ਰਿਹਾ ਹੈ ਕਿ ਮੇਰਾ ਕੀ ਮਤਲਬ ਹੈ, ਤੁਸੀਂ ਦੇਖੋ। ਤੁਸੀਂ ਇਕੱਠੇ ਚਿਪਕੇ ਰਹੋ। ਅਤੇ ਇਹ ਜਿੰਨਾ ਠੰਡਾ ਹੁੰਦਾ ਹੈ, ਉਹ ਓਨਾ ਹੀ ਗਾੜ੍ਹਾ ਹੁੰਦਾ ਜਾਂਦਾ ਹੈ। ਅਤੇ ਸਾਡੇ ਨਾਲ ਵੀ ਇਸੇ ਤਰ੍ਹਾਂ ਹੀ ਹੋਣਾ ਚਾਹੀਦਾ ਹੈ। ਜਿੰਨਾ ਠੰਡਾ…

ਜਦੋਂ ਧਰਤੀ ਦੇ ਮਿੱਤਰ ਛੱਡ ਜਾਣ,
ਫਿਰ ਉਸ ਦੇ ਨਾਲ ਹੋਰ ਵੀ ਜਿਆਦਾ ਚਿਪਕ ਜਾਓ!

77 ਅਤੇ ਜੋ ਅਸੀਂ ਇੱਕ ਦੂਜੇ ਨੂੰ ਪਿਆਰ ਕਰਦੇ ਹਾਂ, ਉਹ ਇਸ ਲਈ ਨਹੀਂ ਹੈ ਕਿ ਅਸੀਂ ਕੋਈ ਹਾਂ; ਪਰ ਇਹ ਤਾਂ ਇੱਕ ਦੂਜੇ ਵਿੱਚ ਮਸੀਹ ਹੈ, ਜਿਸਨੂੰ ਅਸੀਂ ਪਿਆਰ ਕਰਦੇ ਹਾਂ, ਤੁਸੀਂ ਦੇਖੋ। ਇਹ ਉਹ ਪਰਮੇਸ਼ੁਰ ਹੈ ਜੋ ਸਾਡੇ ਜੀਵਾਂ ਵਿੱਚ ਹੈ, ਜਿਸਨੂੰ ਅਸੀਂ ਪਿਆਰ ਕਰਦੇ ਹਾਂ। ਹੁਣ ਅਸੀਂ ਇਕੱਠੇ ਹੋਣਾ ਪਸੰਦ ਕਰਦੇ ਹਾਂ। ਅਸੀਂ ਪੁਰਾਣਾ ਭਜਨ ਗਾਉਂਦੇ ਹੁੰਦੇ ਸੀ:

ਧੰਨ ਹੈ ਉਹ ਬੰਧਨ ਜੋ ਬੰਨ੍ਹਦਾ ਹੈ
ਸਾਡੇ ਦਿਲਾਂ ਨੂੰ ਮਸੀਹੀ ਪ੍ਰੇਮ ਵਿੱਚ;
ਇੱਕ ਮਨ ਵਾਲਿਆਂ ਦੀ ਸੰਗਤ
ਇਹ ਉਸ ਵਾਂਗ ਹੈ ਜੋ ਉੱਪਰ ਹੈ। (ਸਮਝੇ?)

ਇੱਕ ਮਨ ਵਾਲਿਆਂ ਸੰਗਤ
ਇਹ ਉਸ ਵਾਂਗ ਹੈ ਜੋ ਉੱਪਰ ਹੈ।

ਸਾਡੇ ਪਿਤਾ ਦੇ ਸਿੰਘਾਸਣ ਸਾਹਮਣੇ,
ਅਸੀਂ ਆਪਣੀਆਂ ਉਤਸ਼ਾਹਿਤ ਪ੍ਰਾਰਥਨਾਵਾਂ ਨੂੰ ਡੋਲ੍ਹਦੇ ਹਾਂ;
ਸਾਡਾ ਡਰ, ਸਾਡੀਆਂ ਉਮੀਦਾਂ, ਸਾਡਾ ਉਦੇਸ਼ ਇੱਕ ਹੈ,
ਸਾਡੇ ਦਿਲਾਸੇ ਅਤੇ ਸਾਡੀਆਂ ਫਿਕਰਾਂ।

78 ਸਮਝੇ? ਹਾਂ, ਸ਼੍ਰੀਮਾਨ! ਜਦੋਂ ਕਿਸੇ ਇੱਕ ਨੂੰ ਅਸੀਸ ਮਿਲਦੀ ਹੈ, ਅਸੀਂ ਸਾਰੇ ਇਸ ਬਾਰੇ ਖੁਸ਼ ਹੁੰਦੇ ਹਾਂ। ਜਦੋਂ ਕੋਈ ਉਦਾਸ ਹੁੰਦਾ ਹੈ, ਅਸੀਂ ਉਸ ਨਾਲ ਉਦਾਸ ਹੁੰਦੇ ਹਾਂ। ਅਸੀਂ—ਅਸੀਂ ਸਾਰੇ ਇਕੱਠੇ ਰਹਿਣਾ ਚਾਹੁੰਦੇ ਹਾਂ। ਹੁਣ ਇਹ ਉਹ ਤਰੀਕਾ ਹੈ ਜਿਸ ਤਰ੍ਹਾਂ ਸਾਨੂੰ ਹੋਣਾ ਚਾਹੀਦਾ ਹੈ।

79 ਅਤੇ ਇਜ਼ਰਾਈਲ ਨੂੰ ਵੀ ਇਸੇ ਤਰ੍ਹਾਂ ਹੋਣਾ ਚਾਹੀਦਾ ਸੀ। ਪਰ ਇਹ ਬੋਝ ਬਣ ਗਿਆ, "ਔਹ, ਇਹ ਪੁਰਾਣੀ ਹਲਕੀ ਰੋਟੀ!" ਦੂਤਾਂ ਦੀ ਰੋਟੀ, "ਖੈਰ, ਸਾਨੂੰ ਇਸ ਪੁਰਾਣੀ ਹਲਕੀ ਰੋਟੀ ਦੀ ਕੀ ਪਰਵਾਹ ਹੈ? ਸਾਡੇ ਪ੍ਰਾਣ ਇਸ ਚੀਜ਼ ਨੂੰ ਨਫ਼ਰਤ ਕਰਦੇ ਹਨ! ਅਤੇ ਸਭ ਕੁਝ ਗਲਤ ਹੈ। ਅਤੇ—ਅਤੇ ਇਹ ਪੁਰਾਣਾ

ਮੰਨਾ ਜੋ ਹਰ ਰਾਤ ਡਿੱਗਦਾ ਹੈ, ਕਿਉਂ, ਅਸੀਂ ਇਸ ਦੀ ਬਜਾਏ ਸਾਡੇ ਕੋਲ ਮਿਸਰ ਤੋਂ ਕੁਝ ਲਸਣ ਅਤੇ ਹਰਾ ਪਿਆਜ ਹੁੰਦਾ।" ਤੁਸੀਂ ਦੇਖੋ, ਉਨ੍ਹਾਂ ਦੇ ਦਿਲ ਸਫ਼ਰ ਲਈ ਤਿਆਰ ਨਹੀਂ ਸਨ।

80 ਅਤੇ ਜਦੋਂ ਕੋਈ ਆਦਮੀ ਜਾਂ ਇਸਤ੍ਰੀ ਕਲੀਸਿਯਾ ਵਿੱਚ ਜਾਣ ਬਾਰੇ ਸ਼ਿਕਾਇਤ ਕਰਨ ਲੱਗ ਪੈਂਦੇ ਹਨ, ਉਹ ਕਲੀਸਿਯਾ ਵਿੱਚ ਜਾਣ ਤੋਂ ਇੰਨੇ ਥੱਕ ਜਾਂਦੇ ਹਨ, ਕਿ ਉਹ ਸਫ਼ਰ ਲਈ ਤਿਆਰ ਨਹੀਂ ਹਨ। ਇਹ ਠੀਕ ਹੈ। ਉੱਥੇ ਕਿਤੇ ਨਾ ਕਿਤੇ ਕੁਝ ਗੜਬੜ ਹੈ।

81 ਓਹ, ਜਦੋਂ ਤੁਸੀਂ ਪਰਮੇਸ਼ੁਰ ਨੂੰ ਪ੍ਰੇਮ ਕਰਦੇ ਹੋ, ਅਤੇ ਸੋਚਦੇ ਹੋ ਕਿ ਤੁਸੀਂ ਸਵਰਗ ਜਾ ਰਹੇ ਹੋ, ਅਤੇ ਤੁਸੀਂ ਸਾਰੇ ਇਕੱਠੇ ਜਾ ਰਹੇ ਹੋ:

> ਕਿਹੋ ਜਿਹੀ ਸੰਗਤੀ ਹੈ, ਕਿੰਨੀ ਈਸ਼ਵਰੀ ਖੁਸ਼ੀ ਹੈ,
> ਸਦੀਵਕਾਲ ਦੀ ਬਾਂਹ ਦਾ ਸਹਾਰਾ ਲੈ ਕੇ;
> ਓਹ, ਐਸੀ ਮੁਬਾਰਕ ਸ਼ਾਂਤੀ ਜਦ ਮੇਰਾ ਪ੍ਰਭੂ ਮੇਰੇ ਨੇੜੇ ਹੈ,
> ਉਸ ਸਦੀਵਕਾਲ ਬਾਂਹ ਦਾ ਸਹਾਰਾ ਲੈ ਕੇ;

ਕੀ ਇੱਕ...ਅਸੀਂ ਉਹ ਭਜਨ ਗਾਉਂਦੇ ਹਾਂ।

> ਅਸੀਂ ਆਪਸੀ ਦੁੱਖ ਵੰਡਾਉਂਦੇ ਹਾਂ,
> ਸਾਡੇ ਆਪਸੀ ਬੋਝ ਨੂੰ ਚੁੱਕਦੇ ਹਾਂ;
> ਅਤੇ ਅਕਸਰ ਇੱਕ ਦੂਜੇ ਲਈ ਵਹਿ ਜਾਂਦੇ ਹਨ
> ਹਮਦਰਦੀ ਅੱਥਰੂ।
> ਜਦੋਂ ਅਸੀਂ ਜੁਦਾ ਹੋ ਜਾਂਦੇ ਹਾਂ,
> ਇਹ ਸਾਨੂੰ ਅੰਦਰੂਨੀ ਦਰਦ ਦਿੰਦਾ ਹੈ;
> ਪਰ ਅਸੀਂ ਫਿਰ ਵੀ ਦਿਲ ਨਾਲ ਜੁੜੇ ਰਹਾਂਗੇ,
> ਅਤੇ ਅਗਲੀ ਪ੍ਰਾਰਥਨਾ ਸਭਾ ਦੇ ਸਮੇਂ ਦੁਬਾਰਾ ਮਿਲਣ ਦੀ ਉਮੀਦ ਹੈ। (ਹਾਂ, ਸ਼੍ਰੀ ਮਾਨ, ਅਜੇ ਵੀ ਦਿਲ ਤੋਂ ਜੁੜੇ ਹੋਏ ਹਾਂ!)

82 ਹੁਣ ਤੁਸੀਂ ਸਫ਼ਰ ਲਈ ਤਿਆਰ ਹੋ ਰਹੇ ਹੋ, ਦੇਖੋ, ਤੁਸੀਂ ਵਾਅਦਾ ਕੀਤੀ ਹੋਈ ਧਰਤੀ ਵਿੱਚ ਜਾਣ ਲਈ ਤਿਆਰ ਹੋ। ਪਰੀਖਣ ਦੇ ਸਮੇਂ, ਉੱਥੇ ਖ਼ਤਰੇ ਦੀ ਧਰਤੀ ਹੈ; ਉਜਾੜ, ਪਰੀਖਿਆ ਦੇ ਸਮੇਂ।

83 ਇਜ਼ਰਾਈਲ, ਆਪਣੇ ਪਰੀਖਿਆ ਦੇ ਸਮੇਂ ਵਿੱਚ, ਉਹ ਇੱਕ ਦੂਜੇ ਨਾਲ ਝਗੜਾ ਅਤੇ ਵਿਵਾਦ ਕਰਨ ਲੱਗੇ, ਅਤੇ ਰੋਟੀ ਲਈ ਨਰਾਜ ਹੋਣ ਲੱਗੇ। ਅਤੇ ਉਹ ਵਾਪਸ ਮਿਸਰ ਵਿੱਚ ਜਾਣਾ ਚਾਹੁੰਦੇ ਸਨ।

84 ਅਤੇ ਫਿਰ ਉਹ ਆਪਣੇ ਆਗੂ ਬਾਰੇ ਸ਼ਿਕਾਇਤ ਕਰਨ ਲੱਗੇ। ਔਹ, ਉਹ ਡਰਦੇ ਸਨ ਕਿ ਉਹ ਉਨ੍ਹਾਂ ਨੂੰ ਕੁਰਾਹੇ ਪਾ ਰਿਹਾ ਸੀ; ਉਸ ਦੇ ਬਾਵਜੂਦ ਕਿ ਉਸਨੇ ਆਪਣੇ ਆਪ ਨੂੰ ਇੱਕ ਆਗੂ ਦਿਖਾਇਆ ਸੀ, ਅਤੇ ਪਰਮੇਸ਼ੁਰ ਨੇ ਸਾਬਤ ਕੀਤਾ ਸੀ ਕਿ ਉਹ ਆਗੂ ਸੀ। "ਅੱਛਾ, ਹੋ ਸਕਦਾ ਹੈ ਕਿ ਅਸੀਂ ਥੋੜੇ ਜਿਹੇ ਕੱਟੜ ਕੰਮ ਕੀਤੇ ਹਨ। ਅਤੇ—ਅਤੇ ਹੋ ਸਕਦਾ ਹੈ ਕਿ ਅਸੀਂ ਸਾਰੇ ਗਲਤ ਪੈੜਾਂ ਤੇ ਤੁਰ ਪਏ ਹਾਂ," ਜਾਂ, ਅਜਿਹਾ ਕੁਝ, ਵੇਖੋ, ਉਹ ਪਰਮੇਸ਼ੁਰ ਅਤੇ ਮੂਸਾ, ਪਰਮੇਸ਼ੁਰ ਅਤੇ ਉਸ ਦੇ ਆਗੂ ਦੇ ਵਿਰੁੱਧ ਗੱਲਾਂ ਕਰ ਰਹੇ ਸਨ।

85 ਹੁਣ ਜਦੋਂ ਅਸੀਂ ਕਿਸੇ ਥਾਂ ਤੇ ਪਹੁੰਚਦੇ ਹਾਂ, ਕਹਿੰਦੇ ਹੋਏ, "ਮੈਨੂੰ ਨਹੀਂ ਪਤਾ ਕਿ ਵਚਨ ਦਾ ਅਰਥ *ਇਹ* ਹੈ, ਜਾਂ ਨਹੀਂ," ਅਤੇ, "ਮੈਂ ਪਵਿੱਤਰ ਆਤਮਾ ਬਾਰੇ ਨਹੀਂ ਜਾਣਦਾ; ਮੈਂ ਇਸ ਬਾਰੇ ਥੋੜਾ ਜਿਹਾ ਸ਼ੱਕੀ ਹਾਂ। ਮੈਂ ਦੂਜਿਆਂ ਨੂੰ ਜਾਣਦਾ ਹਾਂ ਜੋ ਨਹੀਂ ਕਰਦੇ।" ਅੱਛਾ, ਮਿਸਰ ਵੱਲ ਜਾਓ। ਸਮਝੇ?

86 ਪਰ ਜੇ ਤੁਸੀਂ ਸੱਚਮੁੱਚ ਰਾਹ ਤੇ ਰਹਿਣ ਲਈ ਦ੍ਰਿੜ ਹੋ, ਇਸ ਆਗੂ, ਪਵਿੱਤਰ ਆਤਮਾ ਦੇ ਨਾਲ ਬਣੇ ਰਹੋ, ਠੀਕ ਵਚਨ ਦੇ ਨਾਲ ਬਣੇ ਰਹੋ। ਅਤੇ ਜੇਕਰ ਤੁਸੀਂ ਆਤਮਾ ਦੇ ਨਾਲ ਰਹੋਗੇ, ਤਾਂ ਇਹ ਤੁਹਾਨੂੰ ਵਚਨ ਵਿੱਚ ਰੱਖੇਗਾ। ਇਹ ਠੀਕ ਹੈ। ਇਹ ਤੁਹਾਨੂੰ ਸਿੱਧਾ ਕਤਾਰ ਵਿੱਚ ਲੈ ਜਾਵੇਗਾ, ਵਚਨ ਦੇ ਰਾਹ ਤੇ। ਅਤੇ ਇਸ ਤੋਂ ਨਾ ਡਰੋ। ਇਹ ਕੁਝ ਵੀ ਨੁਕਸਾਨ ਨਹੀਂ ਪਹੁੰਚਾਏਗਾ, ਜੇਕਰ ਤੁਹਾਨੂੰ ਸੱਟ ਲੱਗੀ ਹੈ ਤਾਂ ਇਹ ਸਿਰਫ ਤੁਹਾਡੀ ਮਦਦ ਕਰੇਗਾ। ਇਹ ਪਵਿੱਤਰ ਆਤਮਾ, ਸਾਰੇ ਦੁੱਖਾਂ ਨੂੰ ਠੀਕ ਕਰ ਦੇਵੇਗਾ।

87 ਹੁਣ ਸਾਨੂੰ ਪਤਾ ਲੱਗਾ ਹੈ ਕਿ ਇਸ ਮਾਰਗ ਦੇ ਉੱਤੇ, ਜਦ ਉਹ ਇਸ ਤਰ੍ਹਾਂ ਦੇ ਹੋ ਗਏ, ਉਹ ਹੋਰੇਬ ਨਾਮ ਸਥਾਨ ਤੇ ਆਏ। ਅਤੇ H-o-r-e-b, ਹੋਰੇਬ, ਫਿਰ ਸਾਨੂੰ ਪਤਾ ਲੱਗਦਾ ਹੈ...ਆਓ ਉਸ ਨਾਮ ਨੂੰ ਤੋੜੀਏ। ਇਹ ਉਹ ਥਾਂ ਹੈ ਜਿੱਥੇ *ਹੋਰੇਬ* ਨਾਮ ਦਾ ਮਤਲਬ ਇੱਕ "ਸੁੱਕੀ ਜਗ੍ਹਾ" ਜਾਂ ਇੱਕ "ਮਾਰੂਥਲ।"

88 ਅਤੇ ਜਦੋਂ ਅਸੀਂ ਕਲੀਸਿਯਾ ਵਿੱਚ ਇੱਕ ਦੂਜੇ ਦੀ ਸੰਗਤ ਤੋਂ, ਅਤੇ ਪਵਿੱਤਰ ਆਤਮਾ ਦੀ ਸੰਗਤ ਤੋਂ ਬਾਹਰ ਹੋ ਜਾਂਦੇ ਹਾਂ, ਇਹ ਸਾਨੂੰ ਇੱਕ ਸੁੱਕੀ ਥਾਂ, ਇੱਕ ਮਾਰੂਥਲ ਵਿੱਚ ਲੈ ਕੇ ਆਉਂਦਾ ਹੈ, ਜਿੱਥੇ ਕੁਝ ਵੀ ਜ਼ਿੰਦਾ ਨਹੀਂ, ਹਰ ਚੀਜ਼ ਤੇ ਕੰਡੇ ਲੱਗੇ ਹੁੰਦੇ ਹਨ। ਦੇਖੋ, ਇੱਕ—ਇੱਕ ਰੇਗਿਸਤਾਨ, ਨਾਗਫਨੀ ਦਾ ਇੱਕ ਛੋਟਾ ਜਿਹਾ ਟੁਕੜਾ ਜਿਸ ਕੰਡੇ ਲੱਗੇ ਹੁੰਦੇ ਹਨ। ਕੀ ਤੁਹਾਨੂੰ ਪਤਾ ਸੀ ਕਿ ਇਹ ਕੀ ਹੈ? ਇਹ ਇੱਕ ਕੀਮਤੀ ਛੋਟਾ ਜਿਹਾ ਕੋਮਲ ਪੱਤਾ ਹੈ ਜਿਸ ਵਿੱਚ ਪਾਣੀ ਨਹੀਂ ਹੈ, ਇਹ ਆਪਣੇ ਆਪ ਤੇ ਇੰਨਾ ਕਸ਼ਟ ਲੈਂਦਾ ਹੈ ਕਿ ਇਹ ਇੱਕ ਕੰਡੇਦਾਰ ਬਣ ਜਾਂਦਾ ਹੈ। ਅਤੇ ਜਦੋਂ ਤੁਸੀਂ ਕਿਸੇ ਨੂੰ ਅਜਿਹਾ ਦੇਖਦੇ ਹੋ, ਹੋ ਸਕਦਾ ਹੈ ਕਿ ਇਹ ਇੱਕ ਅਨਮੋਲ ਆਤਮਾ ਹੋਵੇ ਜਿਸ ਨੂੰ ਸਹੀ ਤਰ੍ਹਾਂ

ਸਿੰਜਿਆ ਜਾ ਸਕਦਾ ਸੀ, ਇੱਕ ਕੋਮਲ ਛੋਟਾ ਪੱਤਾ ਜਾਂ ਕੁਝ ਹੋ ਸਕਦਾ ਸੀ। ਪਰ ਇਸ ਦੀ ਬਜਾਏ, ਇਹ ਆਪਣੇ ਆਪ ਨੂੰ ਇੰਨਾ ਜ਼ਖ਼ਮੀ ਕਰ ਲੈਂਦਾ ਹੈ ਕਿ ਇਹ ਕੰਡੇਦਾਰ ਬਣ ਜਾਂਦਾ ਹੈ, ਬਸ ਹਰੇਕ ਚੀਜ ਨੂੰ ਚੁੱਭਦਾ ਹੈ, ਤੁਸੀਂ ਜਾਣਦੇ ਹੋ, ਨੁਕਸ ਲੱਭਦਾ ਰਹਿੰਦਾ ਹੈ। ਇਸਨੂੰ ਇੱਕੋ ਚੀਜ ਦੀ ਲੋੜ ਹੈ ਜੋ ਪਾਣੀ ਹੈ। ਇਹ ਸਭ ਹੈ। ਇਸ ਨੂੰ ਬਸ ਇੱਕ—ਇੱਕ ਬੇਦਾਰੀ, ਜਾਂ ਇੱਕ ਟੁੱਟਣਾ, ਪ੍ਰਭੂ ਵੱਲੋਂ ਇੱਕ ਤਾਜ਼ਗੀ ਦੀ ਲੋੜ ਹੈ। ਜੇਕਰ ਤੁਸੀਂ ਇਸਨੂੰ ਪਾਣੀ ਵਿੱਚ ਰੱਖੋਗੇ, ਤਾਂ ਇਹ—ਇਹ ਆਪਣੇ ਛੋਟੇ ਜਿਹੇ ਸਵਰੂਪ ਨੂੰ ਉਜਾਗਰ ਕਰੇਗਾ।

89 ਪਰ, ਇੱਥੇ ਹੀ ਉਸ ਜਗ੍ਹਾ ਤੇ ਰਹਿਣ ਵਾਲੇ ਲੋਕਾਂ ਨੂੰ ਉਸ ਜਗ੍ਹਾ ਦੇ ਹਾਲਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਅਤੇ ਉਹ ਜਿਹੜੇ ਇਸ ਕਿਸਮ ਦੇ ਵਾਤਾਵਰਨ ਵਿੱਚ ਰਹਿਣਾ ਚਾਹੁੰਦੇ ਹਨ, ਜਿੱਥੇ ਹਰ ਚੀਜ਼ ਸਿਰਫ ਧੱਕਾ-ਮੁੱਕੀ ਅਤੇ ਵਿਵਾਦ ਕਰ ਰਹੀ ਹੈ, ਅਤੇ ਇਸ ਤਰ੍ਹਾਂ ਝਗੜਾ ਕਰਨਾ ਅਤੇ ਕ੍ਰੋਧ ਕਰਨਾ, ਠੀਕ ਹੈ, ਤੁਸੀਂ ਉਸ ਵਾਤਾਵਰਨ ਦੇ ਅਧੀਨ ਰਹੋਗੇ, ਇਹੀ ਗੱਲ ਹੈ। ਪਰ ਸਾਨੂੰ ਉੱਥੇ ਰਹਿਣ ਦੀ ਲੋੜ ਨਹੀਂ ਹੈ, ਸਾਡੇ ਲਈ ਉੱਥੇ ਰਹਿਣਾ ਜ਼ਰੂਰੀ ਨਹੀਂ ਹੈ।

90 ਹੁਣ, ਇਹ ਹੋਰੇਬ ਉਹ ਥਾਂ ਸੀ ਜਿੱਥੇ ਪਰਮੇਸ਼ੁਰ ਲੋਕਾਂ ਤੋਂ ਨਿਰਾਸ਼ ਸੀ, ਕਿਉਂਕਿ ਉਹ ਇਸ ਜਗ੍ਹਾ ਵਿੱਚ ਭਟਕ ਗਏ ਸਨ ਅਤੇ ਇਸ ਹਾਲਤ ਵਿੱਚ ਆ ਗਏ ਸਨ। ਅਤੇ ਉਹ ਉਨ੍ਹਾਂ ਨੂੰ ਬਿਲਕੁਲ ਇਸਦੇ ਆਲੇ ਦੁਆਲੇ ਲੈ ਆਇਆ, ਕਿਉਂਕਿ ਉਹ ਮਾਰਗ ਵਿੱਚ ਨਹੀਂ ਚੱਲਦੇ ਸਨ। ਉਹ ਮੁੱਖ ਸੜਕ ਤੋਂ ਉਤਰ ਗਏ, ਇਸ ਪਾਸੇ ਵਾਲੀ ਸੜਕ ਤੇ ਆ ਗਏ। ਅਤੇ ਫਿਰ ਇਸ ਕਾਰਣ ਪਰਮੇਸ਼ੁਰ ਨੂੰ ਕੁਝ ਅਜਿਹਾ ਕਰਨਾ ਪਿਆ ਜੋ ਭਿਆਨਕ ਸੀ। ਉਹ...ਇਸ ਕਾਰਣ ਪਰਮੇਸ਼ੁਰ ਨੇ ਮੂਸਾ ਨੂੰ ਉਸ ਨਿਆਂ ਦੇ ਢਾਂਗੇ ਨੂੰ ਲੈਣ ਲਈ ਕਿਹਾ ਜਿਸ ਨਾਲ ਉਸਨੇ ਕੌਮ ਦਾ ਨਿਆਂ ਕੀਤਾ ਸੀ, ਅਤੇ ਪਾਣੀ ਨੂੰ ਬਾਹਰ ਲਿਆਉਣ ਲਈ, ਚੱਟਾਨ ਨੂੰ ਮਾਰਿਆ।

91 ਹੁਣ, ਜੇਕਰ ਅਸੀਂ ਇਸਨੂੰ ਲੈ ਸਕੀਏ ਤਾਂ ਇੱਥੇ ਸਿੱਖਣ ਲਈ ਇੱਕ ਸੁੰਦਰ ਸਬਕ ਹੈ, ਵੇਖੋ। ਅਤੇ ਕਿਉਂਕਿ ਅਸੀਂ ਸੇਵਾ ਤੋਂ ਇੰਨੇ ਬਾਹਰ ਹੋ ਜਾਂਦੇ ਹਾਂ, ਅਤੇ ਸੰਸਾਰ ਅਤੇ ਚੀਜ਼ਾਂ ਨਾਲ ਬੱਝੇ ਹੋਏ ਹਾਂ, ਇਹੀ ਕਾਰਨ ਸੀ ਪਰਮੇਸ਼ੁਰ ਨੇ ਸੰਸਾਰ ਦੇ ਨਿਆਂ ਨੂੰ ਲਿਆ ਅਤੇ ਆਪਣੇ ਪੁੱਤਰ ਨੂੰ ਇਸ ਨਾਲ ਮਾਰਿਆ, ਕਲਵਰੀ ਦੇ ਉੱਤੇ, ਤਾਂ ਜੋ ਅਸੀਂ ਆਜ਼ਾਦ ਹੋ ਸਕੀਏ। ਕੀ ਤੁਸੀਂ ਸਮਝੇ ਕਿ ਮੇਰਾ ਕੀ ਮਤਲਬ ਹੈ?

92 ਹੁਣ, ਇਨ੍ਹਾਂ ਲੋਕਾਂ ਨੂੰ ਕੁਝ ਪਾਣੀ ਦੇ ਕੋਲ ਲਿਆਉਣ ਲਈ, ਉਨ੍ਹਾਂ ਦੇ ਉੱਥੇ ਪਹੁੰਚਣ ਤੋਂ ਬਾਅਦ, ਇਸ ਸੁੱਕੀ ਥਾਂ ਨੂੰ ਕਲਵਰੀ ਬਣਾ ਦਿੱਤਾ ਗਿਆ। ਅਤੇ ਉੱਥੇ ਪਰਮੇਸ਼ੁਰ ਨੇ ਮੂਸਾ ਨੂੰ ਕਿਹਾ, ਉਸਨੇ ਕਿਹਾ, "ਢਾਂਗੇ ਅਤੇ ਬਜ਼ੁਰਗਾਂ ਨੂੰ

ਲੈ ਕੇ, ਅੱਗੇ ਵੱਧ, ਅਤੇ ਮੈਂ ਤੇਰੇ ਅੱਗੇ ਚਟਾਨ ਉੱਤੇ ਖੜਾ ਹੋਵਾਂਗਾ।" ਅਤੇ ਇਹ ਚੱਟਾਨ ਮਸੀਹ ਸੀ। ਅਤੇ ਮੂਸਾ, ਉਸ ਲਾਠੀ ਨੂੰ ਲੈ ਕੇ ਜਿਸ ਨਾਲ ਉਸਨੇ ਇਸਰਾਏਲ ਦੀ ਕੌਮ ਉੱਤੇ ਨਿਆਂ ਲਿਆਂਦਾ ਸੀ, ਉਸੇ ਲਾਠੀ ਨੂੰ ਲਿਆ ਅਤੇ ਪਰਮੇਸ਼ੁਰ ਦੇ ਨਿਆਂ ਨੂੰ ਚੱਟਾਨ ਉੱਤੇ ਮਾਰਿਆ। ਸਮਝੇ? ਉਸ ਨੇ ਲੋਕਾਂ ਦੇ ਪਾਪ ਇਸ ਢਾਂਗੇ ਤੇ ਲੈ ਲਏ। ਜਿਸ ਨਾਲ, ਉਸ ਨੂੰ ਲੋਕਾਂ ਨੂੰ ਮਾਰਨਾ ਚਾਹੀਦਾ ਸੀ। ਲੋਕਾਂ ਨੂੰ ਮਾਰਨ ਦੀ ਬਜਾਏ, ਉਸਨੇ ਚੱਟਾਨ ਨੂੰ ਮਾਰਿਆ। ਅਤੇ ਚੱਟਾਨ, ਪਰਮੇਸ਼ੁਰ ਦੇ ਕੰਮ ਦੁਆਰਾ, ਮੁਕਤੀ ਲਿਆਈ, ਇੱਕ ਨਾਸ ਹੋ ਰਹੇ ਲੋਕਾਂ ਲਈ ਪਾਣੀ ਲੈ ਕੇ ਆਈ। ਇਸ ਨੇ ਮਰ ਰਹੇ ਲੋਕਾਂ ਨੂੰ ਜੀਵਨ ਦਿੱਤਾ। ਅਤੇ ਇਹ ਉਹ ਹੈ ਜੋ ਪਰਮੇਸ਼ੁਰ ਨੇ ਆਪਣੇ-ਆਪਣੇ ਨਿਆਂ ਦੀ ਲਾਠੀ ਨਾਲ ਕੀਤਾ, ਅਤੇ ਮੇਰੇ ਪਾਪਾਂ ਅਤੇ ਤੁਹਾਡੇ ਪਾਪਾਂ ਨੂੰ ਇਸ ਢਾਂਗੇ ਦੇ ਦੁਆਲੇ ਲਪੇਟਿਆ; ਜਦਕਿ ਇਸ ਨਾਲ ਸਾਨੂੰ ਮਾਰਨਾ ਚਾਹੀਦਾ ਸੀ, ਪਰ ਇਸ ਨੇ ਮਸੀਹ ਨੂੰ ਮਾਰਿਆ; ਜਿਸ ਕਰਕੇ ਉਸ ਤੋਂ *ਪਾਣੀ* ਨਿਕਲੇ, ਜਿਸਦਾ ਅਰਥ ਹੈ "ਆਤਮਾ," ਪਵਿੱਤਰ ਆਤਮਾ ਸਾਨੂੰ ਜੀਵਨ ਦੇਣ ਲਈ ਉਸ ਵਿੱਚੋਂ ਆਇਆ ਸੀ। ਹੁਣ ਸਾਡੇ ਕੋਲ ਅਨੰਤ ਜੀਵਨ ਹੈ। ਹੁਣ, ਉਹ ਚੱਟਾਨ ਮਸੀਹ ਸੀ। ਹੁਣ ਅਸੀਂ ਧਿਆਨ ਦੇਣਾ ਚਾਹੁੰਦੇ ਹਾਂ।

93 ਮੈਂ ਇਸ ਚੱਟਾਨ ਦੀਆਂ ਬਹੁਤ ਸਾਰੇ ਬੌਧਿਕ ਚਿੱਤਰ ਵੇਖੇ ਹਨ। ਮੈਂ ਸਭ ਤੋਂ ਆਲੋਚਨਾਤਮਕ ਵਿੱਚੋਂ ਇੱਕ ਨੂੰ ਦੇਖਿਆ, ਜਿਆਦਾ ਸਮਾਂ ਨਹੀਂ ਹੋਇਆ, ਏਥੋਂ ਤੱਕ ਕਿ ਇੱਕ ਪਹਾੜੀ ਦੇ ਸਿਖਰ ਤੇ ਇੱਕ—ਇੱਕ ਛੋਟੀ ਜਿਹੀ ਚੱਟਾਨ ਪਈ ਹੋਈ ਸੀ। ਅਤੇ—ਅਤੇ ਮੰਨਿਆ ਜਾਂਦਾ ਹੈ ਕਿ ਮੂਸਾ ਨੇ ਇਸ ਚੱਟਾਨ ਨੂੰ ਮਾਰਿਆ ਸੀ, ਅਤੇ ਇਜ਼ਰਾਈਲੀ ਲੋਕ ਉੱਥੇ ਚਾਹ ਦਾ ਪਿਆਲਾ ਲੈ ਕੇ ਖੜ੍ਹੇ ਸਨ, ਆਪਣੇ ਲਈ ਇਸ ਚੱਟਾਨ ਤੋਂ ਹੇਠਾਂ ਡਿੱਗਣ ਵਾਲੀ ਫੁਹਾਰ ਵਿੱਚੋਂ ਪੀਣ ਲਈ। ਹੁਣ ਇਹ ਬਸ ਕਿਸੇ ਦਾ ਵਿਚਾਰ ਹੈ।

94 ਪਰ ਜਦੋਂ ਇਸ ਚੱਟਾਨ ਨੇ ਆਪਣੇ ਪਾਣੀ ਨੂੰ ਬਾਹਰ ਲਿਆਂਦਾ, ਉੱਥੇ ਬਲਦਾਂ, ਊਠਾਂ ਅਤੇ ਹੋਰ ਸਾਰੀਆਂ ਚੀਜ਼ਾਂ ਤੋਂ ਇਲਾਵਾ, ਵੀਹ ਲੱਖ ਤੋਂ ਵੱਧ ਲੋਕ ਸਨ, ਜਿਨ੍ਹਾਂ ਨੇ ਇਸ ਤੋਂ ਪਾਣੀ ਦੇ ਟੱਬਾਂ ਵਿੱਚੋਂ ਪੀਤਾ। ਇਹ ਇੱਕ ਜੋਰ ਨਾਲ ਵਹਿੰਦੀ ਹੋਈ ਪਾਣੀ ਦੀ ਧਾਰਾ ਸੀ ਜੋ ਉੱਥੋਂ ਨਿਕਲਦੀ ਸੀ!

95 ਉਹ ਅੱਜ ਮਸੀਹ ਨੂੰ, ਪਵਿੱਤਰ ਆਤਮਾ ਨੂੰ ਵੀ ਇਸੇ ਤਰ੍ਹਾਂ ਬਣਾਉਣ ਦੀ ਕੋਸ਼ਿਸ਼ ਕਰਦੇ ਹਨ। "ਇਹ ਬਸ ਥੋੜਾ ਜਿਹਾ ਛਿੜਕਾਅ ਹੈ।" ਦੇਖੋ, ਤੁਹਾਨੂੰ ਇਹ ਵਿਸ਼ਵਾਸ ਦਿਵਾਉਣ ਲਈ ਕਾਫ਼ੀ ਹੈ ਕਿ ਉੱਥੇ ਇੱਕ ਪਰਮੇਸ਼ੁਰ ਹੈ। ਨਹੀਂ।

96 ਇਹ ਤਾਂ ਪਾਣੀ ਦੀ ਬਹੁਤਾਤ ਹੈ! ਦਾਊਦ ਨੇ ਕਿਹਾ, "ਮੇਰਾ ਕਟੋਰਾ

ਭਰਿਆ ਹੋਇਆ ਹੈ!" ਇਹ ਬਸ ਪਵਿੱਤਰ ਆਤਮਾ ਦਾ ਤੇਜੀ ਨਾਲ ਵਹਿਣਾ ਹੈ।

97 ਲੋਕ ਇਸ ਤੋਂ ਡਰਦੇ ਹਨ। ਕੁਝ ਲੋਕ ਕਹਿੰਦੇ ਹਨ, "ਅੱਛਾ, ਮੈਨੂੰ ਥੋੜਾ ਡਰ ਹੈ ਕਿ ਮੈਂ *ਇਹ* ਜਾਂ *ਉਹ* ਕਰਾਂਗਾ, ਜਾਂ ਜੇ ਮੈਂ ਥੋੜੀ ਜਿਆਦਾ ਡੂੰਘਾਈ ਵਿੱਚ ਗਿਆ ਤਾਂ। ਮੈਂ ਤੁਹਾਨੂੰ ਦਿਖਾ ਸਕਦਾ ਹਾਂ ਕਿ ਕੋਈ ਬਹੁਤ ਦੂਰ ਚਲਾ ਗਿਆ ਸੀ।" ਪਰ ਤੁਸੀਂ ਕਦੇ ਵੀ ਉਸ ਕਿਸੇ ਵੱਲ ਇਸ਼ਾਰਾ ਨਹੀਂ ਕਰਦੇ ਜੋ ਕਾਫ਼ੀ ਦੂਰ ਨਹੀਂ ਗਿਆ। ਸਮਝੇ? ਹਾਂ, ਉਨ੍ਹਾਂ ਬਾਰੇ ਕੀ ਹੈ ਜੋ ਕਾਫ਼ੀ ਦੂਰ ਨਹੀਂ ਗਏ?

98 ਹੁਣ, ਸਾਡੇ ਕੋਲ ਕੁਝ ਲੋਕ ਹਨ ਜਿਨ੍ਹਾਂ ਨੇ ਸਰੀਰ ਵਿੱਚ ਆ ਕੇ, ਅਤੇ ਗਲਤ ਕਦਮ ਉਠਾਏ ਸਨ। ਅਤੇ—ਅਤੇ ਪਰਮੇਸ਼ੁਰ ਨੂੰ ਨਹੀਂ, ਪਰ ਲੋਕਾਂ ਨੇ… ਕਿਉਂਕਿ ਚੰਗੀ ਅਗਵਾਈ ਨਹੀਂ ਸੀ, ਅਤੇ ਵਗੈਰਾ-ਵਗੈਰਾ, ਉਨ੍ਹਾਂ ਨੂੰ ਗਲਤ ਪੈੜਾਂ ਤੇ ਚਲਾਇਆ, ਅਤੇ ਉਹ ਕੱਟੜਤਾ ਵਿਚ ਚਲੇ ਗਏ। ਅਤੇ ਫਿਰ ਸਾਰਾ ਸੰਸਾਰ, ਸ਼ੈਤਾਨ ਉਹਨਾਂ ਵਲ੍ਹ ਇਸ਼ਾਰਾ ਕਰਦਾ ਹੈ, "ਉਹ ਦੇਖੋ! ਉਹ ਦੇਖੋ!"

99 ਖੈਰ, ਮੈਨੂੰ ਅੱਜ ਸਵੇਰੇ ਖੜ੍ਹੇ ਹੋ ਕੇ ਇਨ੍ਹਾਂ ਲੱਖਾਂ ਗੁਣਾ ਹੋਰ ਲੋਕਾਂ ਵੱਲ ਇਸ਼ਾਰਾ ਕਰੋ ਜਿਨ੍ਹਾਂ ਨੇ ਕਦੇ ਸ਼ੁਰੂਆਤ ਵੀ ਨਹੀਂ ਕੀਤੀ। ਉਨ੍ਹਾਂ ਬਾਰੇ ਕੀ ਹੈ? ਦੇਖੋ, ਉਹਨਾਂ ਦੀ ਹਾਲਤ ਦੇਖੋ। ਅੱਜ ਆਇਕਮਨ ਵਰਗੇ ਵਿਅਕਤੀ ਨੂੰ ਦੇਖੋ, ਜੋ ਸਰਬੋਤਮ…ਉਹ ਕਹਿੰਦੇ ਹਨ, "ਪੈਂਟੀਕੋਸਟਲ ਅਨੈਤਿਕ ਅਤੇ ਅਨਾੜੀ ਹਨ, ਅਤੇ ਉਹ ਪੜ੍ਹੇ-ਲਿਖੇ ਨਹੀਂ ਹਨ," ਅਤੇ ਇਸ ਤਰ੍ਹਾਂ ਵਗੈਰਾ-ਵਗੈਰਾ। ਆਇਕਮਨ ਨੂੰ ਦੇਖੋ, ਦੁਨੀਆ ਦੇ ਸਭ ਤੋਂ ਵੱਧ ਪੜ੍ਹੇ-ਲਿਖੇ ਆਦਮੀਆਂ ਵਿੱਚੋਂ ਇੱਕ ਹੈ। ਅਤੇ ਉਸਨੇ ਛੇ ਲੱਖ ਬੱਚਿਆਂ ਅਤੇ ਔਰਤਾਂ ਅਤੇ ਮਰਦਾਂ, ਸੱਠ ਲੱਖ ਰੂਹਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ। ਤੁਸੀਂ ਕਿਸੇ ਅਜਿਹੇ ਵਿਅਕਤੀ ਵੱਲ ਇਸ਼ਾਰਾ ਨਹੀਂ ਕਰਨਾ ਚਾਹੋਗੇ।

100 ਪਰ ਕੁਝ ਛੋਟਾ ਜਿਹਾ ਬੰਦਾ ਜੋ ਮੁਸ਼ਕਿਲ ਨਾਲ, ਪੜ੍ਹ ਵੀ ਨਹੀਂ ਸਕਦਾ ਸੀ, ਹੋ ਸਕਦਾ ਹੈ ਕਿ ਬਾਈਬਲ ਦੇ ਕੁਝ ਨਾਮ ਵੀ ਗਲਤ ਲੈਂਦਾ ਹੋਵੇ, ਅਤੇ, ਜਾਂ ਹੋ ਸਕਦਾ ਹੈ ਕਿ ਕੁਝ ਗਲਤ ਕਿਹਾ ਹੋਵੇ ਜਾਂ ਕੁਝ ਗਲਤ ਕੀਤਾ ਹੋਵੇ, ਜਾਂ ਕੋਈ ਗਲਤੀ ਕੀਤੀ ਹੈ, ਅਖਬਾਰ ਇਸ ਨੂੰ ਹਰ ਜਗ੍ਹਾ ਲਿਖਣਾ ਚਾਹੁੰਦੇ ਹਨ, ਅਤੇ ਕਹਿੰਦੇ ਹਨ, "ਉਨ੍ਹਾਂ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ।"

101 ਫਿਰ ਜੇਕਰ ਉਸ ਤੇ ਭਰੋਸਾ ਨਹੀਂ ਕੀਤਾ ਜਾ ਸਕਦਾ, ਤਾਂ ਸਿੱਖਿਆ, ਉਨ੍ਹਾਂ ਚੀਜ਼ਾਂ ਅਤੇ ਬੁੱਧੀਜੀਵੀਆਂ ਤੇ ਕਿਉਂ ਨਹੀਂ ਕੀਤਾ ਜਾ ਸਕਦਾ ਜੋ ਅੱਜ ਉਨ੍ਹਾਂ ਕੋਲ ਹਨ? ਅਡੌਲਫ ਹਿਟਲਰ ਨੂੰ ਦੇਖੋ। ਅੱਜ ਦੁਨੀਆਂ ਦੇ ਦਿਮਾਗੀ ਲੋਕਾਂ ਵੱਲ ਦੇਖੋ। ਉਹਨਾਂ ਨੂੰ ਦੇਖੋ। ਪੁਰਾਣੀ ਕਹਾਵਤ, "ਜੋ ਹੰਸ ਲਈ ਸਹੀ ਹੈ ਉਹ

ਹੰਸਣੀ ਲਈ ਵੀ ਸਹੀ ਹੈ।"

102 ਜੋ ਕੰਮ ਤੁਸੀਂ ਕਰਨਾ ਹੈ ਉਹ ਹੈ ਪਵਿੱਤਰ ਆਤਮਾ ਦੁਆਰਾ ਯੋਗ ਬਣਨਾ, ਤਾਂ ਜੋ ਕੀ ਸਹੀ ਅਤੇ ਗਲਤ ਹੈ ਨੂੰ ਵੰਡ ਸਕੋ, ਅਤੇ ਜੋ ਸਹੀ ਹੈ ਅਤੇ ਗਲਤ ਹੈ ਉਸਨੂੰ ਲਵੋ।

103 ਹੁਣ, ਸਾਨੂੰ ਪਤਾ ਲੱਗਦਾ ਹੈ ਕਿ ਇਹ ਕਲਵਰੀ ਜੋ ਉਨ੍ਹਾਂ ਕੋਲ ਸੀ, ਅਤੇ ਜੀਵਨ ਦੇ ਪਾਣੀ ਲੋਕਾਂ ਲਈ ਜੋਰ ਨਾਲ ਵਗਦਾ ਸਨ।

104 ਹੁਣ, ਕੁਝ ਲੋਕਾਂ ਦੇ ਦਿਲਾਂ ਅਤੇ ਦਿਮਾਗਾਂ ਤੇ, ਕਿ ਸਾਰੇ ਇਸਰਾਏਲ ਨੇ ਪੀਤਾ, ਅਤੇ ਫਿਰ ਉਨ੍ਹਾਂ ਨੇ ਊਠਾਂ ਨੂੰ ਤਿਆਰ ਕੀਤਾ ਅਤੇ ਆਪਣੇ ਘੋੜਿਆਂ ਉੱਤੇ ਲਗਾਮਾਂ ਕੱਸ ਲਈਆਂ, ਅਤੇ ਵਗੈਰਾ-ਵਗੈਰਾ, ਅਤੇ ਆਪਣੇ ਬੱਚਿਆਂ ਨੂੰ ਲੈ ਕੇ ਕਿਤੇ ਹੋਰ ਚਲੇ ਗਏ, ਅਤੇ ਜਲ ਛਿੜਕਦੀ ਚੱਟਾਨ ਨੂੰ ਉੱਥੇ ਹੀ ਛੱਡ ਦਿੱਤਾ। ਇਹ ਗਲਤ ਹੈ।

105 ਉਹ ਚੱਟਾਨ ਉਨ੍ਹਾਂ ਦੇ ਨਾਲ-ਨਾਲ ਚੱਲਦੀ ਸੀ, ਅਤੇ ਉਹ ਪਾਣੀ ਉਨ੍ਹਾਂ ਦੇ ਮਗਰ-ਮਗਰ ਆਉਂਦਾ ਸੀ। ਹੁਣ ਪਹਿਲੇ ਕੁਰਿੰਥੀਆਂ ਵਿੱਚ, 10ਵਾਂ ਅਧਿਆਇ, ਮੈਂ ਵਿਸ਼ਵਾਸ ਕਰਦਾ ਹਾਂ, ਅਤੇ 11ਵੀਂ ਆਇਤ, ਤੁਸੀਂ ਇਸਨੂੰ ਲੱਭ ਸਕਦੇ ਹੋ, ਉਹ "ਉਸ ਚੱਟਾਨ ਇਸਰਾਏਲ ਦੇ ਮਗਰ ਚੱਲਦੀ ਸੀ।" ਉਸ ਦਿਨ ਤੋਂ ਬਾਅਦ ਉਹ ਜਿੱਥੇ ਕਿਤੇ ਵੀ ਗਏ, ਚੱਟਾਨ ਉਨ੍ਹਾਂ ਦੇ ਨਾਲ ਗਈ, ਅਤੇ ਪਾਣੀ ਉਨ੍ਹਾਂ ਦੇ ਮਗਰ-ਮਗਰ ਗਿਆ।

106 ਕਿੰਨਾ ਸੁੰਦਰ ਨਮੂਨਾ ਹੈ, ਅਤੇ ਅੱਜ ਵਿਸ਼ਵਾਸੀ ਦੇ ਲਈ ਇੱਕ—ਇੱਕ ਸੁੰਦਰ ਪਕੜ ਅਤੇ ਲੰਗਰ ਹੈ, ਜੋ ਜਾਣਦਾ ਹੈ ਕਿ ਉਹ ਚੱਟਾਨ ਜਿਸ ਨੂੰ ਇੱਕ ਵਾਰ ਮਾਰਿਆ ਗਿਆ ਸੀ, ਉਹ ਪਾਣੀ ਜੋ ਇੱਕ ਵਾਰ ਕਲਵਰੀ ਤੋਂ ਵਹਾਇਆ ਗਿਆ ਸੀ, ਅਸੀਂ ਜਿੱਥੇ ਵੀ ਹੁੰਦੇ ਹਾਂ, ਸਾਡੇ ਨਾਲ ਜਾਂਦਾ ਹੈ! ਔਹ, ਮੇਰੇ! ਇਹ ਕਿਸੇ ਖਾਸ ਜਗ੍ਹਾ ਤੇ ਵਾਪਸ ਨਹੀਂ ਜਾ ਰਿਹਾ ਹੈ, ਅਤੇ ਕਹੇਗਾ, "ਅੱਛਾ, ਸਾਡੇ ਕੋਲ ਉੱਥੇ ਪਰਸੋਂ ਪਾਣੀ ਸੀ।" ਅੱਜ ਸਾਡੇ ਕੋਲ ਪਾਣੀ ਹੈ, ਬਿਲਕੁੱਲ ਇੱਥੇ, ਕਿਉਂਕਿ ਉਹ ਚੱਟਾਨ ਮਸੀਹ ਸੀ! ਅਤੇ ਮਸੀਹ ਕੱਲ੍ਹ, ਅੱਜ ਅਤੇ ਯੁਗਾਂਯੁੱਗ ਇੱਕੋ ਜਿਹਾ ਹੈ।

107 ਵੇਖੋ, ਉਹ ਚੱਟਾਨ ਇਸਰਾਏਲ ਦੇ ਮਗਰ-ਮਗਰ ਜਾਂਦੀ ਸੀ। ਉਨ੍ਹਾਂ ਨੇ ਕਦੇ ਵੀ ਚੱਟਾਨ ਦਾ ਪਿੱਛਾ ਨਹੀਂ ਕੀਤਾ, ਪਰ ਚੱਟਾਨ ਨੇ ਉਨ੍ਹਾਂ ਦਾ ਪਿੱਛਾ ਕੀਤਾ। ਆਮੀਨ। ਇਜ਼ਰਾਈਲ ਆਪਣੀ ਯਾਤਰਾ ਤੇ ਚਲਾ ਗਿਆ। ਉਹਨਾਂ ਕੋਲ ਕਰਨ ਲਈ ਸਿਰਫ ਇੱਕ ਕੰਮ ਸੀ, ਉਸ ਸੀ, ਸਿੱਧੇ ਰਸਤੇ ਤੇ ਰਹਿਣਾ, ਜੋ ਸਿੱਧਾ ਵਾਅਦਾ ਕੀਤੀ ਹੋਈ ਧਰਤੀ ਵਿੱਚ ਜਾਂਦਾ ਸੀ। ਅਤੇ ਚੱਟਾਨ ਅਤੇ ਪਾਣੀ ਨੇ ਉਨ੍ਹਾਂ ਦਾ ਪਿੱਛਾ ਕੀਤਾ।

*...ਚੱਟਾਨ ਉਹਨਾਂ ਦੇ ਪਿੱਛੇ ਚੱਲਦੀ ਸੀ:...*

ਪਹਿਲਾ ਕੁਰਿੰਥੀਆਂ ਤੁਹਾਨੂੰ ਅਜਿਹਾ ਦੱਸਦਾ ਹੈ, 10ਵਾਂ ਅਧਿਆਇ। ਠੀਕ ਹੈ।

*...ਉਹ ਚੱਟਾਨ ਮਸੀਹ ਸੀ।*

108 ਪਰਮੇਸ਼ੁਰ ਨੇ ਲੋਕਾਂ ਦੇ ਨਿਆਂ ਨੂੰ ਲਿਆ ਅਤੇ ਉਹਨਾਂ ਨੂੰ ਮਸੀਹ ਉੱਤੇ ਰੱਖ ਦਿੱਤਾ, ਅਤੇ ਉਸਨੂੰ ਮਾਰਿਆ। ਕੀ ਤੁਸੀਂ ਧਿਆਨ ਦਿੱਤਾ, ਚੱਟਾਨ ਵਿੱਚ, ਉਦੋਂ ਤੋਂ ਇੱਕ ਦਰਾੜ ਸੀ? ਚੱਟਾਨ ਵਿੱਚ ਇੱਕ ਦਰਾੜ ਸੀ, ਜਿੱਥੇ ਮੂਸਾ ਨੇ ਮਾਰਿਆ ਸੀ। ਅਤੇ ਮਸੀਹ ਤੇ ਇੱਕ ਦਰਾੜ ਸੀ, ਜਦੋਂ ਉਸਨੂੰ ਮਾਰਿਆ ਗਿਆ ਸੀ, "ਉਹ ਸਾਡੇ ਅਪਰਾਧਾਂ ਲਈ ਘਾਇਲ ਕੀਤਾ ਗਿਆ, ਅਤੇ ਉਸ ਦੇ ਮਾਰ ਖਾਣ ਤੋਂ ਅਸੀਂ ਨਰੋਏ ਕੀਤੇ ਗਏ।" ਉਸ ਜੀਵਨ ਤੋਂ ਜੀਵਨ ਦਾ ਜਲ ਨਿਕਲਿਆ ਜਿਸਦਾ ਅਸੀਂ ਅੱਜ ਆਨੰਦ ਮਾਣਦੇ ਹਾਂ!

109 ਹੁਣ, ਇਸ ਜੀਵਨ ਨੂੰ ਪ੍ਰਾਪਤ ਕਰਨ ਲਈ, ਯਾਦ ਰੱਖੋ, ਮਸੀਹ ਦਾ ਜੀਵਨ ਕਲੀਸਿਯਾ ਦੇ ਨਾਲ ਰਹਿੰਦਾ ਹੈ। ਹਲਲੂਯਾਹ! ਔਹ, ਜੇ ਅਸੀਂ ਅਗਲੇ ਦਸ ਮਿੰਟਾਂ ਲਈ ਉੱਥੇ ਆਪਣੇ ਵਿਚਾਰਾਂ ਨੂੰ ਟਿੱਕਾ ਸਕੀਏ! ਮਸੀਹ ਕਲੀਸਿਯਾ ਨੂੰ ਨਹੀਂ ਛੱਡਦਾ। "ਮੈਂ ਹਮੇਸ਼ਾ ਤੁਹਾਡੇ ਨਾਲ ਰਹਾਂਗਾ, ਇੱਥੋਂ ਤੱਕ ਕਿ ਜਗਤ ਦੇ ਅੰਤ ਤੱਕ।" ਇਹ ਤਾਂ ਲੋਕ ਹਨ ਜੋ ਮਸੀਹ ਨੂੰ ਛੱਡ ਦਿੰਦੇ ਹਨ, ਨਾ ਕਿ ਮਸੀਹ ਲੋਕਾਂ ਨੂੰ ਛੱਡਦਾ ਹੈ। ਲੋਕ ਆਪਣੇ ਅਵਿਸ਼ਵਾਸ ਦੁਆਰਾ, ਉਸ ਨੂੰ ਛੱਡ ਦਿੰਦੇ ਹਨ। ਉਹ ਮਸੀਹ ਨੂੰ ਛੱਡਦੇ ਹਨ, ਨਾ ਕਿ ਮਸੀਹ ਲੋਕਾਂ ਨੂੰ ਛੱਡਦਾ ਹੈ।

110 ਇਜ਼ਰਾਈਲ ਨੇ ਜਲ ਦੀ ਧਾਰਾ ਨੂੰ ਛੱਡ ਦਿੱਤਾ, ਨਾ ਕਿ ਜਲ ਦੀ ਧਾਰਾ ਨੇ ਇਸਰਾਏਲ ਨੂੰ ਛੱਡਿਆ। ਸਮਝੇ? ਕਿਉਂਕਿ, ਬਾਈਬਲ ਸਾਫ਼-ਸਾਫ਼ ਦੱਸਦੀ ਹੈ ਕਿ, "ਚੱਟਾਨ ਅਤੇ ਪਾਣੀ ਇਸਰਾਏਲ ਦੇ ਮਗਰ-ਮਗਰ ਚੱਲਦੇ ਸਨ।" ਉਹਨਾਂ ਦਾ ਪਿੱਛਾ ਕਰਦੇ ਸਨ! ਉਹ ਜਿੱਥੇ ਵੀ ਗਏ, ਇਹ ਵੀ ਗਿਆ।

111 ਔਹ, ਅੱਜ ਸਵੇਰੇ, ਮੈਂ ਚਾਹਾਂਗਾ, ਜੇ ਸਾਡੇ ਕੋਲ ਯਹੋਸ਼ੁਆ ਦੇ ਪਹਿਲੇ ਅਧਿਆਇ ਵਿੱਚ ਜਾਣ ਲਈ ਸਮਾਂ ਹੁੰਦਾ, ਜਿੱਥੇ ਉਸਨੇ ਕਿਹਾ ਸੀ, "ਹਰੇਕ ਥਾਂ ਜਿੱਥੇ ਤੇਰੇ ਪੈਰ ਦੀ ਤਲੀ ਰੱਖੀ ਜਾਵੇਗੀ, ਉਹ ਸਭ ਮੈਂ ਤੈਨੂੰ ਦਿੱਤਾ। ਜਿੱਥੇ ਕਿਤੇ ਵੀ ਤੂੰ ਜਾਵੇਂਗਾ, ਪ੍ਰਭੂ ਤੇਰਾ ਪਰਮੇਸ਼ੁਰ ਤੇਰੇ ਨਾਲ ਹੈ। ਤੂੰ ਕਿਸੇ ਆਦਮੀ ਤੋਂ ਨਾ ਡਰੀਂ। ਹੌਂਸਲਾ ਰੱਖ! ਬਸ ਜਿੱਥੇ ਵੀ ਤੂੰ ਪੈਰ ਰੱਖੇਂਗਾ, ਮੈਂ ਉੱਥੇ ਹੀ ਤੇਰੇ ਨਾਲ ਹੋਵਾਂਗਾ, ਭਾਵੇਂ ਇਹ ਕਿਤੇ ਵੀ ਹੋਵੇ।" ਪਰਮੇਸ਼ੁਰ ਯਹੋਸ਼ੁਆ ਦੇ ਨਾਲ ਜਾ ਰਿਹਾ ਸੀ!

112 ਉਹੀ ਪਰਮੇਸ਼ੁਰ ਅੱਜ ਸਵੇਰੇ ਆਪਣੀ ਕਲੀਸਿਯਾ ਦੇ ਨਾਲ ਜਾਂਦਾ ਹੈ। ਆਓ ਇਸ ਝਰਨੇ ਤੋਂ ਪੀਏ। ਜਿੱਥੇ ਵੀ ਤੂੰ ਪੈਰ ਧਰੇਂਗਾ, ਉੱਥੇ ਹੀ ਪਰਮੇਸ਼ੁਰ

ਤੇਰੇ ਨਾਲ ਹੋਵੇਗਾ, ਤੈਨੂੰ ਪਾਣੀ ਅਤੇ ਜੀਵਨ ਦੇਵੇਗਾ। "ਮੈਂ ਹਮੇਸ਼ਾ ਤੁਹਾਡੇ ਨਾਲ ਰਹਾਂਗਾ, ਇੱਥੋਂ ਤੱਕ ਕਿ ਯੁਗਾਂ ਦੇ ਅੰਤ ਤੱਕ।" ਮਸੀਹ ਕੱਲ੍ਹ, ਅੱਜ ਅਤੇ ਸਦਾ ਲਈ ਇੱਕੋ ਜਿਹਾ ਹੈ। ਪਰਮੇਸ਼ੁਰ ਦੇ ਨਿਯਮ।

113 ਹੁਣ ਤੁਸੀਂ ਕਹੋਗੇ, "ਤਾਂ ਫਿਰ, ਭਾਈ ਬ੍ਰਨਹਾਮ, ਕਿਉਂ ਅਸੀਂ ਉਹ ਕੰਮ ਨਹੀਂ ਕਰਦੇ ਜੋ ਸਾਨੂੰ ਕਰਨੇ ਚਾਹੀਦੇ ਹਨ? ਇਹ ਕਿਵੇਂ ਹੈ ਕਿ ਕਲੀਸਿਯਾ ਵਿਚ ਸਾਡੇ ਦਾਨ ਅਤੇ ਚੀਜ਼ਾਂ ਆਪਣਾ ਰੰਗ ਵਿਚ ਨਹੀਂ ਵਿਖਾਉਂਦਿਆਂ, ਜਿੱਥੇ ਇਹ ਹੋਣਾ ਚਾਹੀਦਾ ਹੈ? ਇਹ ਕਿਵੇਂ ਹੈ ਕਿ ਸਾਡੀ ਕਲੀਸਿਯਾ ਉਸ ਥਾਂ ਤਕ ਉੱਪਰ ਨਹੀਂ ਉੱਠਦੀ ਜਿੱਥੇ ਇਹ ਹੋਣੀ ਚਾਹੀਦੀ ਹੈ?" ਲੋਕ, ਪਰੀਖਿਆ ਦੇ ਸਮੇਂ ਵਿੱਚ, ਇਜ਼ਰਾਈਲ ਵਾਂਗ ਡਿੱਗ ਜਾਂਦੇ ਹਨ। ਉਹ ਸੋਚਦੇ ਹਨ ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਛੱਡ ਦਿੱਤਾ ਹੈ।

114 ਪਰ, ਯਾਦ ਰੱਖੋ, ਚੱਟਾਨ ਨੇ ਕਦੇ ਵੀ ਇਜ਼ਰਾਈਲ ਨੂੰ ਨਹੀਂ ਛੱਡਿਆ। ਇਜ਼ਰਾਈਲ ਨੇ ਚੱਟਾਨ ਨੂੰ ਛੱਡ ਦਿੱਤਾ, ਉਹ ਭੁੱਲ ਗਏ ਕਿ ਚੱਟਾਨ ਹਰ ਸਮੇਂ ਉਨ੍ਹਾਂ ਦੇ ਨਾਲ ਰਹਿੰਦੀ ਸੀ। ਇਹ ਉੱਥੇ ਹੀ ਸੀ, ਉਹਨਾਂ ਦੇ ਨਾਲ ਸਫ਼ਰ ਦੇ ਅੰਤ ਤੱਕ ਗਿਆ। "ਇਹ ਉਹਨਾਂ ਦੇ ਪਿੱਛੇ ਚੱਲਦੀ ਸੀ।" ਇਹ ਬੋਲਣ ਦੇ ਦਾਇਰੇ ਤੋਂ ਬਾਹਰ ਨਹੀਂ ਸੀ। ਇਹ ਸੁਣਨ ਦੇ ਦਾਇਰੇ ਤੋਂ ਬਾਹਰ ਨਹੀਂ ਸੀ। ਜਾਂ, ਇਹ ਵੇਖਣ ਦੇ ਦਾਇਰੇ ਤੋਂ ਬਾਹਰ ਨਹੀਂ ਸੀ।

115 ਅਤੇ ਨਾ ਹੀ ਮਸੀਹ ਹੈ! ਅੱਜ ਕਲੀਸਿਯਾ ਦੇ ਨਾਲ, ਉਹ ਬੋਲਣ ਦੇ ਦਾਇਰੇ ਤੋਂ ਬਾਹਰ ਨਹੀਂ ਹੈ। ਤੁਹਾਡੇ ਵਿੱਚੋਂ ਕੁਝ ਪਿੱਛੜ ਗਏ ਹਨ, ਅਤੇ ਉਹ ਕੀਤਾ ਹੈ ਜੋ ਗਲਤ ਹੈ, ਅਤੇ ਤੁਸੀਂ ਉਹ ਅਨੰਦ ਗੁਆ ਦਿੱਤਾ ਹੈ, ਅਤੇ ਤੁਹਾਡਾ ਪਾਣੀ ਸੁੱਕ ਗਿਆ ਹੈ। ਉਹ ਅਜੇ ਵੀ ਤੁਹਾਡੇ ਨਾਲ ਗੱਲ ਕਰਨ ਦੇ ਦਾਇਰੇ ਦੇ ਅੰਦਰ ਹੀ ਹੈ। ਉਹ ਤੁਹਾਡਾ ਪਿੱਛਾ ਕਰਦਾ ਹੈ। ਉਹ ਤੁਹਾਡੇ ਵੱਲੋਂ ਕੀਤੀ ਹਰ ਹਰਕਤ ਅਤੇ ਤੁਹਾਡੇ ਵੱਲੋਂ ਕੀਤੇ ਹਰ ਕੰਮ ਨੂੰ ਜਾਣਦਾ ਹੈ। ਉਹ ਇਹ ਸੁਣਨਾ ਚਾਹੁੰਦਾ ਹੈ ਕਿ ਤੁਸੀਂ ਉਸਨੂੰ ਦ੍ਰਿਸ਼ ਤੇ ਬੁਲਾਓ।

116 ਅਤੇ ਅੱਜ ਇਹ ਵੱਡੀ ਪੈਂਟੀਕੋਸਟਲ ਦੀ ਚਾਲ, ਪਰਮੇਸ਼ੁਰ ਉਡੀਕ ਰਿਹਾ ਹੈ ਕਿ ਤੁਸੀਂ ਉਸ ਨੂੰ ਦ੍ਰਿਸ਼ ਤੋਂ ਬੁਲਾਓ। ਤੁਸੀਂ ਉਸ ਨਾਲ ਗੱਲ ਕਰਨ ਲਈ ਦਾਇਰੇ ਤੋਂ ਬਾਹਰ ਨਹੀਂ ਹੋ। ਭਾਵੇਂ ਅਸੀਂ ਗਲਤ ਕੀਤਾ ਹੈ, ਅਤੇ ਪਾਪ ਕੀਤਾ ਹੈ, ਅਤੇ ਉਸ ਤੋਂ ਮੂੰਹ ਮੋੜ ਲਿਆ ਹੈ, ਅਤੇ—ਅਤੇ ਉਹ ਕੰਮ ਕੀਤੇ ਜੋ ਸਾਨੂੰ ਨਹੀਂ ਕਰਨੇ ਚਾਹੀਦੇ ਸਨ, ਪਰ ਫਿਰ ਵੀ ਉਹ ਸਾਡੇ ਨਾਲ ਹੈ। ਮਸੀਹ ਨੇ ਕਿਹਾ ਕਿ ਉਹ ਸਾਡੇ ਨਾਲ ਹੋਵੇਗਾ।

117 ਬਾਈਬਲ ਨੇ ਕਿਹਾ, "ਪਾਣੀ ਇਸਰਾਏਲ ਦੇ ਬੱਚਿਆਂ ਦੇ ਮਗਰ-ਮਗਰ ਚੱਲਦਾ ਸੀ।" ਜਦੋਂ ਉਨ੍ਹਾਂ ਨੂੰ ਪਿਆਸ ਲੱਗੀ ਤਾਂ ਉਨ੍ਹਾਂ ਨੇ ਜਾਣਿਆ ਕਿ ਪਾਣੀ

ਨੇੜੇ ਹੀ ਸੀ।

118 ਹੁਣ, ਇਨ੍ਹਾਂ ਚੀਜ਼ਾਂ ਨੂੰ ਨਿਯਮਾਂ ਦੁਆਰਾ ਨਿਯੰਤਰਿਤ ਕੀਤਾ ਜਾਂਦਾ ਹੈ। ਪਰਮੇਸ਼ੁਰ ਦੀ ਸਾਰੀ ਵਿਵਸਥਾ ਨਿਯਮਾਂ ਦੁਆਰਾ ਰੱਖੀ ਗਈ ਹੈ। ਹੁਣ ਅਸੀਂ ਲਵਾਂਗੇ…ਆਓ ਇੱਕ ਮਿੰਟ ਲਈ ਰੁਕੀਏ।

119 ਆਓ ਅਸੀਂ ਧਰਤੀ ਨੂੰ ਵੇਖਦੇ ਹਾਂ। ਇਹ ਘੁੰਮਦੀ ਹੈ, ਇਹ ਹਰ ਚੌਵੀ ਘੰਟਿਆਂ ਬਾਅਦ ਇਹ ਇੱਕ ਚੱਕਰ ਪੂਰਾ ਕਰਦੀ ਹੈ, ਇੰਨੇ ਸਹੀ ਤਰੀਕੇ ਨਾਲ, ਕਿ…ਅਸੀਂ ਆਪਣੇ ਸਾਰੇ ਵਿਗਿਆਨ ਦੇ ਨਾਲ, ਕਦੇ ਵੀ ਅਜਿਹਾ ਨਹੀਂ ਕਰ ਪਾਏ ਕਿ ਸਹੀ ਸਮਾਂ ਬਣਾਏ ਰੱਖਣ ਲਈ ਇੱਕ ਘੜੀ ਬਣਾ ਸਕੀਏ। ਸਮੇਂ-ਸਮੇਂ ਤੇ, ਉਹਨਾਂ ਦੁਆਰਾ ਬਣਾਈਆਂ ਗਈਆਂ ਸਭ ਤੋਂ ਵਧੀਆ ਘੜੀਆਂ, ਇੱਕ ਸਾਲ ਦੇ ਵਿੱਚ, ਕਈ ਮਿੰਟਾਂ ਵਿੱਚ ਅੱਗੇ ਜਾਂ ਪਿੱਛੇ ਹੋ ਜਾਣਗੀਆਂ। ਪਰ ਧਰਤੀ ਕਦੇ ਵੀ ਅਸਫਲ ਨਹੀਂ ਹੁੰਦੀ ਪਰ ਉਹ ਹਰ ਸਕਿੰਟ ਤੇ ਉੱਥੇ ਹੈ। ਇਹ ਐਨੀ ਸਿੱਧ ਹੈ ਕਿ ਅੱਜ ਦੇ ਸਾਇੰਸਦਾਨ, ਖਗੋਲ ਵਿਗਿਆਨੀ ਤੁਹਾਨੂੰ ਦੱਸ ਸਕਦੇ ਹਨ, ਕਿ ਹੁਣ ਤੋਂ ਵੀਹ ਜਾਂ ਹੁਣ ਤੋਂ ਪੰਜਾਹ ਸਾਲਾਂ ਵਿੱਚ, ਸੂਰਜ ਅਤੇ ਚੰਦ ਇੱਕ ਦੂਜੇ ਦੇ ਕੋਲੋਂ ਲੰਘਣਗੇ। ਜਦੋਂ ਇਹ ਆਪਣਾ ਚੌਵੀ ਘੰਟੇ ਦਾ ਚੱਕਰ ਪੂਰਾ ਕਰਦੀ ਹੈ, ਅਤੇ ਇੱਕ ਰੁੱਤ ਲਈ ਆਪਣੇ ਸਮੇਂ ਤੇ ਮੁੜ੍ਹਦੀ ਹੈ, ਇਹ ਇੱਕ ਪਲ ਵੀ ਨਹੀਂ ਖੁੰਝਦੀ। ਹਲਲੂਯਾਹ! ਇਹ ਬਿਲਕੁਲ ਸਿੱਧ ਹੈ, ਕਿਉਂਕਿ ਇਹ ਪਰਮੇਸ਼ੁਰ ਦੇ ਨਿਯਮ ਅਨੁਸਾਰ ਚੱਲ ਰਹੀ ਹੈ।

120 ਉਹ ਬਿਲਕੁਲ ਜਾਣਦੇ ਹਨ ਕਿ ਉਹ ਲਹਿਰ ਕਦੋਂ ਬਾਹਰ ਨਿਕਲੇਗੀ, ਉਸ ਮਿੰਟ ਨੂੰ ਵੀ ਜਾਣਦੇ ਹਨ, ਕਿਉਂਕਿ ਉਹ ਜਾਣਦੇ ਹਨ ਕਿ ਚੰਦ ਕਿਸ ਸਮੇਂ ਹੇਠਾਂ ਜਾਂਦਾ ਹੈ। ਅਤੇ ਪਰਮੇਸ਼ੁਰ ਨੇ ਹਰ ਚੀਜ਼ ਨੂੰ ਇੱਕ ਨਿਯਮ ਦੁਆਰਾ ਕ੍ਰਮਬੱਧ ਕੀਤਾ ਹੋਇਆ ਹੈ। ਅਤੇ ਜਦੋਂ ਉਹ ਚੰਦ ਹੇਠਾਂ ਜਾਂਦਾ ਹੈ, ਤਾਂ ਇਸ ਦੇ ਨਾਲ ਲਹਿਰ ਵੀ ਚਲੀ ਜਾਂਦੀ ਹੈ। ਜਦੋਂ ਉਹ ਚੰਦ ਚੜ੍ਹਦਾ ਹੈ, ਤਾਂ ਇਸ ਦੇ ਨਾਲ ਲਹਿਰ ਵੀ ਆਉਂਦੀ ਹੈ। ਅਤੇ ਉਹ ਸਮੇਂ ਅਨੁਸਾਰ ਬਿਲਕੁਲ ਸਹੀ-ਸਹੀ ਜਾਣਦੇ ਹਨ ਕਿ ਚੰਦ ਕਦੋਂ ਹੇਠਾਂ ਜਾਵੇਗਾ। ਉਹ ਇਸਨੂੰ ਕਈ ਸਾਲ ਪਹਿਲਾਂ ਇੱਕ ਪੰਚਾਂਗ ਕੈਲੰਡਰ ਤੇ ਰੱਖ ਸਕਦੇ ਹਨ, ਅਤੇ ਤੁਹਾਨੂੰ ਦੱਸ ਸਕਦੇ ਹਨ, ਉਹ ਮਿੰਟ ਵੀ, ਜਦੋਂ ਉਹ ਲਹਿਰਾਂ ਹੇਠਾਂ ਜਾਣਾ ਸ਼ੁਰੂ ਕਰਣਗੀਆਂ। ਯਕੀਨਨ, ਕਿਉਂਕਿ ਚੰਦ ਇਸੇ ਤਰ੍ਹਾਂ ਹੀ ਨਿਕਲ ਰਿਹਾ ਹੈ, ਕਿਉਂਕਿ ਇਹ ਪਰਮੇਸ਼ੁਰ ਦੇ ਨਿਯਮ ਦੇ ਅਨੁਸਾਰ ਚੱਲ ਰਿਹਾ ਹੈ।

121 ਮੈਂ ਕਿਸੇ ਦਿਨ, ਮਿਸ਼ੀਗਨ ਝੀਲ ਕੋਲ ਖੜ੍ਹਾ ਸੀ। ਅਤੇ ਮੈਂ ਕੈਨੇਡਾ ਦੇ ਸਫ਼ਰ ਤੇ, ਪਾਣੀ ਦੇ ਉਸ ਵੱਡੇ ਪਾਣੀ ਤੇ ਗਿਆ, ਜਿਸ ਨੂੰ ਸੁਪੀਰੀਅਰ ਝੀਲ ਕਿਹਾ ਜਾਂਦਾ ਹੈ। ਅਤੇ ਮੈਂ ਉੱਥੇ ਖੜ੍ਹਾ ਸੀ, ਅਤੇ ਮੈਂ ਸੋਚਿਆ, "ਇੱਥੇ ਪਾਣੀ ਦੀ ਇਹ

ਵੱਡੀ ਝੀਲ ਕਿੰਨੇ ਮੀਲ ਤਕ ਫੈਲੀ ਹੋਈ ਹੈ?" ਅਤੇ ਫਿਰ ਜਦੋਂ ਮੈਂ ਪਾਰ ਗਿਆ-…, ਜਾਂ, ਸੁਪੀਰੀਅਰ ਝੀਲ ਨੂੰ ਪਾਰ ਕਰਦਾ ਹਾਂ, ਮੈਂ ਮਿਸ਼ੀਗਨ ਵਿੱਚ ਆਵਾਂਗਾ, ਜੋ ਲਗਭਗ ਇੱਕ ਬਰਾਬਰ ਪਾਣੀ ਹੈ। ਅਤੇ ਉੱਥੇ, ਸੁਪੀਰੀਅਰ ਝੀਲ ਤੋਂ ਮਿਸ਼ੀਗਨ ਝੀਲ ਤੱਕ, ਮਿਸ਼ੀਗਨ ਝੀਲ ਤੋਂ ਓਨਟਾਰੀਓ ਝੀਲ ਤੱਕ, ਅਤੇ ਬਸ…ਅਤੇ ਹੂਰੋਨ, ਅਤੇ ਸਾਰੀਆਂ ਝੀਲਾਂ ਇਕੱਠੀਆਂ। ਉਸ ਝੀਲ ਦੇ ਅੰਦਰ ਕਿੰਨੇ ਅਰਬਾਂ ਗੁਣਾ ਅਰਬਾਂ ਗੁਣਾ ਅਰਬਾਂ, ਅਤੇ ਤਾਜ਼ੇ ਪਾਣੀ ਦੇ ਅਣਗਿਣਤ ਬੈਰਲ ਪਏ ਹਨ!

122 ਅਤੇ ਨੇਵਾਡਾ ਵਿੱਚ, ਅਤੇ ਅਰੀਜ਼ੋਨਾ, ਨਿਊ ਮੈਕਸੀਕੋ, ਪੂਰਬੀ ਕੈਲੀਫੋਰਨੀਆ ਵਿੱਚ, ਲੱਖਾਂ ਏਕੜ ਸੁੱਕੀ ਹੋਈ, ਬਲਦੀ ਹੋਈ ਜਮੀਨ ਪਈ ਹੋਈ ਹੈ। ਇਹ ਇੰਨੀ ਉਪਜਾਊ ਹੈ ਕਿ, ਜੇ ਉਹ ਪਾਣੀ ਕਦੇ ਉਸ ਜ਼ਮੀਨ ਤੇ ਪਹੁੰਚ ਜਾਵੇ, ਤਾਂ ਇਹ ਦੇਸ਼ ਸੰਸਾਰ ਨੂੰ ਭੋਜਨ ਦੇ ਸਕਦਾ ਹੈ, ਕੋਈ ਭੁੱਖਾ ਨਹੀਂ ਰਹੇਗਾ, ਅਤੇ ਸਮੁੰਦਰ ਵਿੱਚ ਸੁੱਟਣ ਲਈ ਵਾਧੂ ਹੋਵੇਗਾ। ਇਹ ਠੀਕ ਹੈ! ਲੱਖਾਂ ਏਕੜ ਜੋ ਲੱਖਾਂ ਗੁਣਾ ਲੱਖਾਂ ਟਨ ਆਲੂ ਅਤੇ ਗੋਭੀ ਉਗਾ ਸਕਦੇ ਹਨ, ਅਤੇ ਫਲੀਆਂ ਅਤੇ—ਅਤੇ ਸਲਾਦ, ਅਤੇ ਮੂਲੀ ਅਤੇ ਅਜਵਾਇਨ, ਅਤੇ ਖੀਰੇ, ਅਤੇ ਹੋਰ ਕੀ। ਜ਼ਮੀਨ ਇਸ ਨੂੰ ਉਗਾਵੇਗੀ, ਇਹ—ਇਹ ਸਿਰਫ਼ ਪਾਣੀ ਲਈ ਤਰਸ ਰਹੀ ਹੈ।

123 ਅਤੇ *ਇੱਥੇ* ਪਾਣੀ ਹੈ, ਅਤੇ *ਇੱਥੇ* ਹੇਠਾਂ ਜ਼ਮੀਨ ਹੈ। ਹੁਣ ਅਸੀਂ ਇਸਨੂੰ ਦੇਖ ਸਕਦੇ ਹਾਂ, ਅਤੇ ਅਸੀਂ ਜਾਣਦੇ ਹਾਂ ਕਿ ਇਹ ਇਹ ਕਰੇਗਾ, ਕਿਉਂਕਿ ਅਸੀਂ ਪਾਣੀ ਦੀ ਜਾਂਚ ਕਰ ਸਕਦੇ ਹਾਂ ਅਤੇ ਦੇਖ ਸਕਦੇ ਹਾਂ ਕਿ ਇਹ ਤਾਜ਼ਾ ਹੈ, ਅਤੇ ਮਿੱਟੀ ਦੀ ਜਾਂਚ ਕਰਕੇ ਦੇਖ ਸਕਦੇ ਹਾਂ ਕਿ ਇਹ ਉਪਜਾਊ ਹੈ। ਹੁਣ, ਉਹ ਸਾਰੀਆਂ ਇੱਛਾਵਾਂ ਜੋ ਅਸੀਂ ਕਰ ਸਕਦੇ ਹਾਂ, ਉਨ੍ਹਾਂ ਨੂੰ ਕਦੇ ਵੀ ਇਕੱਠੇ ਨਹੀਂ ਕਰ ਸਕਾਂਗੇ। ਪਰ, ਇੱਕ ਨਿਯਮ ਹੈ, ਅਤੇ ਉਹ ਨਿਯਮ ਗੁਰੂਤਾਕਰਸ਼ਣ ਹੈ। ਹੁਣ, ਜੇ ਅਸੀਂ ਗੁਰੂਤਾਕਰਸ਼ਣ ਦੇ ਅਨੁਸਾਰ ਕੰਮ ਕਰੀਏ, ਤਾਂ ਅਸੀਂ ਉਸ ਜ਼ਮੀਨ ਦੇ ਹਰ ਹਿੱਸੇ ਨੂੰ ਪਾਣੀ ਦੇ ਸਕਦੇ ਹਾਂ, ਝੀਲਾਂ ਤੋਂ ਪਾਣੀ ਲਿਆ ਕੇ ਇਸ ਨੂੰ ਪਾਣੀ ਦੇ ਸਕਦੇ ਹਾਂ। ਪਰ ਸਾਨੂੰ ਗੁਰੂਤਾਕਰਸ਼ਣ ਦੇ ਨਿਯਮ ਅਨੁਸਾਰ ਕੰਮ ਕਰਨਾ ਪਵੇਗਾ। ਅਸੀਂ ਉੱਥੇ ਇਸਦੀ ਇੱਛਾ ਨਹੀਂ ਕਰ ਸਕਦੇ। ਅਸੀਂ ਇਸ ਨੂੰ ਉਥੇ ਚੀਕ ਨਹੀਂ ਸਕਦੇ। ਉੱਥੇ ਅਸੀਂ ਇਸ ਦਾ ਰੌਲਾ ਨਹੀਂ ਪਾ ਸਕਦੇ। ਸਾਨੂੰ ਇਸ ਨੂੰ ਉੱਥੇ ਲਿਆਉਣ ਲਈ, ਗੁਰੂਤਾਕਰਸ਼ਣ ਦੇ ਨਿਯਮਾਂ ਅਨੁਸਾਰ ਕੰਮ ਕਰਨਾ ਪਏਗਾ। ਪਰਮੇਸ਼ੁਰ ਹਰ ਚੀਜ਼ ਨੂੰ ਇੱਕ ਨਿਯਮ ਵਿੱਚ ਰੱਖਦਾ ਹੈ।

124 ਇੱਥੇ, ਮੈਂ ਸੋਚ ਰਿਹਾ ਸੀ, ਮੈਨੂੰ ਨਹੀਂ ਪਤਾ ਕਿ ਮੈਂ ਤੁਹਾਨੂੰ ਕਦੇ ਇਹ

ਦੱਸਿਆ ਹੈ, ਜਾਂ ਨਹੀਂ। ਮੈਂ ਕੈਂਟਕੀ ਵਿੱਚ ਸੀ, ਗਿਲਹਰੀਆਂ ਦਾ ਸ਼ਿਕਾਰ ਕਰ ਰਿਹਾ ਸੀ, ਭਾਈ ਵੁੱਡ ਦੇ ਨਾਲ, ਲੱਗਭਗ ਇੱਕ ਸਾਲ ਪਹਿਲਾਂ। ਅਤੇ ਅਸੀਂ... ਗਿਲਹਰੀਆਂ ਬਹੁਤ ਘੱਟ ਸਨ, ਅਤੇ ਇਸ ਲਈ ਅਸੀਂ ਸ਼ਿਕਾਰ ਬਾਰੇ ਪਤਾ ਲਗਾਉਣ ਲਈ ਇੱਕ ਸਾਥੀ ਦੇ ਘਰ ਗਏ। ਇੱਕ ਆਦਮੀ ਕੋਲ ਕਈ ਏਕੜ ਜ਼ਮੀਨ ਸੀ, ਅਤੇ ਇਸ ਜ਼ਮੀਨ ਵਿੱਚ ਬਹੁਤ ਸਾਰਾ ਜੰਗਲ ਸੀ। ਪਰ ਭਾਈ ਵੁੱਡ ਨੇ ਮੈਨੂੰ ਦੱਸਿਆ, ਕਿ, "ਉਹ ਇੱਕ ਨਾਸਤਿਕ ਆਦਮੀ ਹੈ। ਉਹ—ਉਹ ਇੱਕ ਅਵਿਸ਼ਵਾਸੀ ਹੈ।" ਇਸ ਲਈ ਉਸ ਨੇ ਕਿਹਾ ਕਿ ਉਹ ਉਸ ਨੂੰ ਜਾਣਦਾ ਸੀ, ਇਸ ਲਈ ਉਹ...ਜਾਂ ਉਸਦਾ ਪਿਤਾ ਉਸਨੂੰ ਜਾਣਦਾ ਸੀ, ਉਹ ਉੱਥੇ ਜਾਵੇਗਾ ਅਤੇ ਪੁੱਛੇਗਾ ਕਿ ਕੀ ਸਾਨੂੰ ਸ਼ਿਕਾਰ ਕਰਨ ਦੀ ਇਜਾਜ਼ਤ ਮਿਲ ਸਕਦੀ ਹੈ।

125 ਅਸੀਂ ਉਸ ਸੱਜਣ ਦੀ ਜਗ੍ਹਾ ਤੇ ਚਲੇ ਗਏ। ਅਤੇ ਉਹ ਅਤੇ ਇੱਕ ਹੋਰ ਆਦਮੀ, ਉਹ ਦੋਵੇਂ ਸੱਤਰ ਦੀ ਉੱਮਰ ਦੇ ਸਨ, ਉਹ ਇੱਕ ਸੇਬ ਦੇ ਦਰੱਖਤ ਹੇਠਾਂ ਬੈਠੇ ਹੋਏ ਸਨ। ਅਤੇ ਸ਼੍ਰੀ ਮਾਨ ਵੁੱਡ ਇਸ ਆਦਮੀ ਕੋਲ ਗਿਆ, ਅਤੇ ਉਸਨੇ ਉਸਨੂੰ ਕਿਹਾ, "ਕੀ ਮੈਂ ਤੁਹਾਡੀ ਜਗ੍ਹਾ ਤੇ ਥੋੜਾ ਜਿਹਾ ਸ਼ਿਕਾਰ ਕਰ ਸਕਦਾ ਹਾਂ?" ਅਤੇ ਉਸਨੇ ਕਿਹਾ, "ਅੱਛਾ," ਉਸ ਨੇ ਕਿਹਾ, "ਠੀਕ ਹੈ।" ਉਸ ਨੇ ਕਿਹਾ, "ਤੁਸੀਂ ਕਿਹੜੇ ਵੁੱਡ ਹੋ? ਕੀ ਤੁਸੀਂ ਜਿਮ ਵੁੱਡ ਦੇ ਲੜਕੇ ਹੋ?"

ਉਸ ਨੇ ਕਿਹਾ, "ਮੈਂ ਹਾਂ।"

126 ਉਸ ਨੇ ਕਿਹਾ, "ਅੱਛਾ, ਬੁੱਢਾ ਜਿਮ ਇਮਾਨਦਾਰ ਬੰਦਾ ਸੀ, ਅਤੇ ਵਗੈਰਾ ਵਗੈਰਾ।" ਉਸ ਨੇ ਕਿਹਾ, "ਤੁਸੀਂ ਮੇਰੀ ਜਗ੍ਹਾ ਤੇ, ਜਿੱਥੇ ਵੀ ਚਾਹੋ ਸ਼ਿਕਾਰ ਕਰ ਸਕਦੇ ਹੋ। ਮੈਨੂੰ ਇੱਥੇ *ਇੰਨੀ-ਸਾਰੀ* ਸੌ ਏਕੜ ਜ਼ਮੀਨ ਹੈ, ਆਪੇ ਦੇਖ ਲਓ। ਤੁਸੀਂ ਜਿੱਥੇ ਵੀ ਚਾਹੁੰਦੇ ਹੋ, ਉਹਨਾਂ ਵਿੱਚ ਖੇਤਾਂ ਵਿੱਚ ਜਾਓ। ਬਸ ਆਪਣੇ ਆਪ ਨੂੰ ਘਰ ਵਿੱਚ ਮਹਿਸੂਸ ਕਰੋ।"

127 ਮੈਂ ਕਾਰ ਵਿੱਚ ਬੈਠਾ ਸੀ, ਕਿਉਂਕਿ ਮੈਂ ਸੋਚਿਆ ਕਿ ਪ੍ਰਚਾਰਕ ਅਤੇ ਨਾਸਤਿਕ ਦੀ ਨਹੀਂ ਬਣੇਗੀ, ਜੇ ਅਸੀਂ ਨਾਸਤਿਕ ਤੋਂ ਸਹਾਇਤਾ ਮੰਗ ਰਹੇ ਹਾਂ।

128 ਤਾਂ ਫਿਰ ਥੋੜ੍ਹੀ ਦੇਰ ਬਾਅਦ, ਭਾਈ ਵੁੱਡ ਨੇ ਕਿਹਾ, "ਅੱਛਾ, ਹੁਣ, ਕੀ ਮੈਂ ਆਪਣੇ ਪਾਸਟਰ ਨੂੰ ਆਪਣੇ ਨਾਲ ਰੱਖ ਸਕਦਾ ਹਾਂ? ਮੇਰਾ ਅੰਦਾਜ਼ਾ ਹੈ ਕਿ ਉਸਦਾ ਨਾਲ ਆਉਣਾ ਠੀਕ ਰਹੇਗਾ।"

129 ਅਤੇ ਇਹ ਬਜੁਰਗ ਆਦਮੀ ਨੇ ਆਪਣੀ ਧੋਣ ਘੁਮਾਈ, ਅਤੇ ਉਸਨੇ ਕਿਹਾ, "ਵੁੱਡ, ਕੀ ਤੁਹਾਡੇ ਕਹਿਣ ਦਾ ਇਹ ਮਤਲਬ ਹੈ ਕਿ ਤੁਸੀਂ ਇੰਨੇ ਗਿਰ

ਗਏ ਗਏ ਹੋ, ਕਿ ਤੁਸੀਂ ਜਿੱਥੇ ਵੀ ਜਾਂਦੇ ਹੋ ਤੁਹਾਡੇ ਨਾਲ ਇੱਕ ਪ੍ਰਚਾਰਕ ਹੋਣਾ ਚਾਹੀਦਾ ਹੈ?"

130 ਅਤੇ ਇਸ ਲਈ, ਉਸ ਤੋਂ ਬਾਅਦ, ਮੈਂ ਸੋਚਿਆ, ਮੇਰਾ ਕਾਰ ਵਿੱਚੋਂ ਬਾਹਰ ਨਿਕਲਣਾ ਬਿਹਤਰ ਰਹੇਗਾ। ਇਸ ਲਈ ਮੈਂ ਕਾਰ ਵਿੱਚੋਂ ਬਾਹਰ ਨਿਕਲਿਆ, ਅਤੇ ਬੁੱਢੇ ਸੱਜਣ ਨਾਲ ਕੁਝ ਮਿੰਟ ਗੱਲ ਕੀਤੀ। ਅਤੇ ਉਸਨੇ ਮੈਨੂੰ ਤੁਰੰਤ ਦੱਸਿਆ ਕਿ ਉਸਨੂੰ ਪ੍ਰਚਾਰਕਾਂ ਦੀ ਬਾਹਲੀ ਲੋੜ ਨਹੀਂ ਹੈ, ਕਿਉਂਕਿ ਉਸਨੇ ਸੋਚਿਆ ਕਿ ਉਹ ਕਿਸੇ ਅਜਿਹੀ ਚੀਜ਼ ਬਾਰੇ ਗੱਲ ਕਰ ਰਹੇ ਸਨ ਜਿਸ ਬਾਰੇ ਉਹ ਕੁਝ ਨਹੀਂ ਜਾਣਦੇ ਸਨ।

131 ਉਸ ਨੇ ਕਿਹਾ, "ਉਹ ਸਿਰਫ਼ ਉਸ ਚੀਜ਼ ਬਾਰੇ ਰੌਲਾ ਪਾਉਂਦੇ ਹਨ ਜਿਸ ਬਾਰੇ ਉਹ ਕੁਝ ਨਹੀਂ ਜਾਣਦੇ। ਖੈਰ," ਉਸ ਨੇ ਕਿਹਾ, "ਜਦੋਂ ਕੋਈ ਆਦਮੀ ਮੇਰੇ ਨਾਲ ਗੱਲ ਕਰਦਾ ਹੈ, ਮੈਂ ਚਾਹੁੰਦਾ ਹਾਂ ਕਿ ਉਹ ਜਾਣੇ ਕਿ ਉਹ ਕਿਸ ਬਾਰੇ ਗੱਲ ਕਰ ਰਿਹਾ ਹੈ।" ਹੁਣ, ਇਹ ਚੰਗੀ ਸਮਝ ਹੈ। ਇਹ ਚੰਗੀ ਸਮਝ ਹੈ। ਉਸ ਨੇ ਕਿਹਾ, "ਹੁਣ, ਜੇ ਕੋਈ ਆਦਮੀ ਮੇਰੇ ਨਾਲ ਗੱਲ ਕਰਦਾ ਹੈ, ਮੈਂ ਨਹੀਂ ਚਾਹੁੰਦਾ ਕਿ ਉਹ *ਕਿਸੇ-ਹੋਰ* ਚੀਜ ਬਾਰੇ ਗੱਲ ਕਰੇ, ਉਸ ਧਾਰਨਾ ਬਾਰੇ ਜਿਸ ਬਾਰੇ ਉਹ ਕੁਝ ਨਹੀਂ ਜਾਣਦਾ। ਮੈਂ ਚਾਹੁੰਦਾ ਹਾਂ ਕਿ ਉਹ ਕੁਝ ਅਜਿਹਾ ਬੋਲੇ ਜਿਸ ਬਾਰੇ ਉਹ ਜਾਣਦਾ ਹੋਵੇ ਕਿ ਉਹ ਕਿਸ ਬਾਰੇ ਗੱਲ ਕਰ ਰਿਹਾ ਹੈ।" ਖੈਰ, ਮੈਂ ਇਸਦਾ ਸਨਮਾਨ ਕੀਤਾ। ਮੈਂ ਇਸ ਗੱਲ ਲਈ ਉਸ ਬੁੱਢੇ ਸੱਜਣ ਦਾ ਆਦਰ ਕੀਤਾ।

132 ਅਤੇ ਇਸ ਲਈ ਮੈਂ ਕਿਹਾ, "ਖੈਰ, ਬੇਸ਼ਕ, ਹਰ ਵਿਅਕਤੀ ਦੀ ਆਪਣੀ ਰਾਏ ਹੈ।"

133 ਅਤੇ ਉਸਨੇ ਕਿਹਾ, "ਕੁਝ ਸਾਲ ਪਹਿਲਾਂ ਇਸ ਦੇਸ਼ ਵਿੱਚ ਇੱਕ ਪ੍ਰਚਾਰਕ ਆਇਆ ਸੀ, ਜਿਸ ਦੀ ਐਕਟਨ ਵਿਖੇ ਸਭਾ ਹੋਈ ਸੀ।" ਅਤੇ ਉਸਨੇ ਕਿਹਾ, "ਇਸ ਪ੍ਰਚਾਰਕ ਨੇ, ਇੱਕ ਰਾਤ, ਦੇਸ਼ ਵਿੱਚ ਪਰਦੇਸੀ ਹੋਣ ਕਰਕੇ, ਇੱਕ—ਇੱਕ ਔਰਤ ਨੂੰ ਕਿਹਾ ਜਿਹੜੀ ਸਭਾ ਵਿੱਚ ਬੈਠੀ ਸੀ, 'ਤੁਹਾਡੀ ਜੇਬ ਵਿੱਚ ਰੁਮਾਲ ਹੈ। ਅਤੇ ਤੁਸੀਂ ਸ਼੍ਰੀਮਤੀ ਫਲਾਣੇ-ਫਲਾਣੇ ਹੋ। ਅਤੇ ਇੱਥੇ ਪਹਾੜੀ ਉੱਤੇ ਤੁਹਾਡੀ ਇੱਕ ਬਿਮਾਰ ਭੈਣ ਹੈ। ਉਸਦਾ ਫਲਾਣਾ-ਫਲਾਣਾ ਨਾਮ ਹੈ। ਉਹ ਮਰ ਰਹੀ ਹੈ, ਪੇਟ ਵਿੱਚ ਕੈਂਸਰ ਨਾਲ।' ਅਤੇ ਕਿਹਾ, 'ਇਹ ਰੁਮਾਲ ਲੈ ਕੇ ਆਪਣੀ ਭੈਣ ਤੇ ਰੱਖ ਦਿਓ, ਅਤੇ ਉਸਨੂੰ ਦੱਸੋ, "**ਯਹੋਵਾਹ ਇੰਝ ਫ਼ਰਮਾਉਂਦਾ ਹੈ**, ਉਹ ਨਹੀਂ ਮਰੇਗੀ, ਸਗੋਂ ਜੀਉਂਦੀ ਹੈ।"'"

134 ਉਸ ਨੇ ਕਿਹਾ, "ਇਹੀ ਔਰਤ ਸਾਡੀ ਦੋਸਤ ਸੀ।" ਅਤੇ ਕਿਹਾ, "ਅਸੀਂ ਇਸ ਔਰਤ ਅਤੇ ਇਹ ਰੁਮਾਲ ਉੱਥੇ ਲੈ ਗਏ, ਜਾਂ, ਇਹ ਆਦਮੀ, ਔਹ,

ਵਿਅਕਤੀ…" ਪਹਿਲਾਂ ਉਸਨੇ ਕਿਹਾ, "ਇਹ ਔਰਤ, ਮੇਰੀ ਪਤਨੀ ਅਤੇ ਮੈਂ ਉਸ ਸਵੇਰ ਨੂੰ ਉੱਥੇ ਗਏ ਸੀ ਅਤੇ ਇਸ ਔਰਤ ਨੂੰ ਲੈ ਕੇ, ਉਡੀਕ ਕੀਤੀ ਸੀ। ਅਤੇ ਉਹ ਬਹੁਤ ਬੁਰੀ ਹਾਲਤ ਵਿੱਚ ਸੀ! ਡਾਕਟਰਾਂ ਨੇ ਉਸ ਲਈ ਹਾਰ ਮੰਨ ਲਈ ਸੀ, ਬਹੁਤ ਸਮਾਂ ਪਹਿਲਾਂ। ਉਹ ਇੰਨੀ ਬੁਰੀ ਹਾਲਤ ਵਿੱਚ ਸੀ ਕਿ ਇੱਥੋਂ ਤੱਕ ਅਸੀਂ ਉਸਨੂੰ ਇੱਕ ਚਾਦਰ ਵਿੱਚ ਚੁੱਕਣਾ ਪੈਂਦਾ ਸੀ, ਉਸਨੂੰ ਬਿਸਤਰੇ ਉੱਤੇ ਰੱਖਣ ਲਈ ਉਸਨੂੰ ਉਠਾਉਣਾ ਪੈਂਦਾ ਸੀ, ਉਸਨੂੰ ਵਾਪਸ ਲੈ ਜਾਣ ਲਈ। ਉਸਨੂੰ ਚਾਦਰ ਬਦਲਣ ਲਈ, ਉਹ ਬਹੁਤ ਬੁਰੀ ਹਾਲਤ ਵਿੱਚ ਸੀ।" ਉਸ ਨੇ ਕਿਹਾ, "ਇੱਕ ਰਾਤ, ਉੱਥੇ, ਇੱਕ ਰੌਲਾ ਆਇਆ ਜਿਵੇਂ ਉਹਨਾਂ ਦਾ ਕੋਈ ਮਰ ਗਿਆ ਹੋਵੇ।"

135 ਉਹ ਬੇਨ ਸੀ ਜੋ ਉੱਥੇ ਸੀ, ਉਸ ਰੁਮਾਲ ਨਾਲ, ਇਸ ਨੂੰ ਉੱਥੇ ਲੈ ਜਾ ਰਿਹਾ ਸੀ। ਮੈਨੂੰ ਵਿਸ਼ਵਾਸ ਹੈ ਕਿ ਇਹ ਤੁਸੀਂ ਸੀ, ਕੀ ਇਹ ਨਹੀਂ ਸੀ, ਬੇਨ? [ਭਾਈ ਬੇਨ ਬ੍ਰਾਇਨਟ ਕਹਿੰਦਾ ਹੈ, "ਆਮੀਨ। ਆਮੀਨ।"—ਸੰਪਾ.] ਇਹ ਉੱਥੇ ਭਾਈ ਬੇਨ ਸੀ, ਉਹ ਰੁਮਾਲ ਲੈ ਜਾ ਰਿਹਾ ਸੀ, ਕਿਉਂਕਿ ਉਹ ਔਰਤ ਨੂੰ ਉਥੇ ਲੈ ਗਿਆ ਸੀ।

136 ਅਤੇ ਕਿਹਾ, "ਅਗਲੀ ਸਵੇਰ, ਉਹ ਸੇਬ ਦੇ ਪਕੌੜੇ ਖਾ ਰਹੀ ਸੀ।" ਅਤੇ ਕਿਹਾ, "ਉਹ ਸਿਰਫ਼ ਆਪਣਾ ਕੰਮ ਹੀ ਨਹੀਂ ਕਰਦੀ, ਸਗੋਂ ਗੁਆਂਢੀਆਂ ਦਾ ਵੀ ਕੰਮ ਕਰਦੀ ਹੈ। ਉਹ ਇੰਨੀ ਚੰਗੀ ਹੋ ਗਈ ਸੀ!" ਉਸ ਨੇ ਕਿਹਾ, "ਹੁਣ ਮੈਂ ਅਕਸਰ ਸੋਚਦਾ ਹਾਂ। ਜੇ ਮੈਂ ਕਦੇ ਉਸ ਪ੍ਰਚਾਰਕ ਨੂੰ ਦੇਖਿਆ ਹੁੰਦਾ, ਉਹ ਜਾਣਦਾ ਸੀ ਕਿ ਉਹ ਕਿਸ ਬਾਰੇ ਬੋਲ ਰਿਹਾ ਸੀ," ਕਿਹਾ, "ਮੈਂ—ਮੈਂ ਉਸ ਨਾਲ ਗੱਲ ਕਰਨਾ ਚਾਹਾਂਗਾ।"

137 ਭਾਈ ਵੁੱਡ ਨੇ ਮੇਰੇ ਵੱਲ ਦੇਖਿਆ, ਅਤੇ ਮੈਂ ਉਸ ਵੱਲ ਦੇਖਿਆ। ਉਥੇ ਖੜ੍ਹੇ, ਮੈਲੇ, ਪਸੀਨੇ ਨਾਲ ਲੱਥਪੱਥ ਅਤੇ ਗੰਦੇ, ਜੰਗਲਾਂ ਵਿਚ ਡੇਰਾ ਲਾਇਆ ਹੋਇਆ ਸੀ, ਅਤੇ—ਅਤੇ ਸਾਡੇ ਸਾਰੇ ਪਾਸੇ ਗਿਲਹਰੀਆਂ ਦਾ ਲਹੂ ਲੱਗਾ ਹੋਇਆ ਸੀ। ਅਤੇ ਇਸ ਲਈ ਮੈਂ ਕਿਹਾ, "ਅੱਛਾ," ਮੈਂ ਕਿਹਾ, "ਹੈ…ਤੁਹਾਡਾ ਮਤਲਬ ਹੈ ਕਿ ਤੁਸੀਂ ਇਸ ਵਿਅਕਤੀ ਨਾਲ ਗੱਲ ਕਰ ਸਕਦੇ ਹੋ ਅਤੇ ਉਹ ਤੁਹਾਨੂੰ ਦੱਸੇਗਾ ਕਿ ਉਸਨੇ ਇਹ ਕਿਵੇਂ ਕੀਤਾ?"

ਉਸ ਨੇ ਕਿਹਾ, "ਹਾਂ, ਸ਼੍ਰੀ ਮਾਨ, ਮੇਰਾ ਇਹੀ ਮਤਲਬ ਹੈ।"

ਮੈਂ ਕਿਹਾ, "ਅੱਛਾ, ਇਹ—ਇਹ ਇੱਕ ਚੰਗੀ ਗੱਲ ਹੈ।"

138 ਮੈਂ ਉਸਦਾ ਇੱਕ ਸੇਬ ਖਾ ਰਿਹਾ ਸੀ। ਉੱਥੇ ਉਨ੍ਹਾਂ ਉੱਤੇ ਪੀਲਾਪਣ ਛਾ ਰਿਹਾ ਸੀ, ਤੁਸੀਂ ਜਾਣਦੇ ਹੋ, ਸਾਲ ਦੀ ਪਤਝੜ ਵਿੱਚ, ਅਗਸਤ ਵਿੱਚ। ਇਸ ਲਈ ਮੇਰੇ ਕੋਲ ਇਹ ਛੋਟਾ ਸੇਬ ਸੀ, ਅਤੇ ਮੈਂ ਇਸ ਨੂੰ ਖਾਧਾ ਸੀ। ਅਤੇ ਮੈਂ

ਕਿਹਾ, "ਇਹ ਬਹੁਤ ਵਧੀਆ ਸੇਬ ਹੈ।" ਮੈਂ ਕਿਹਾ, "ਉਹ ਦਰੱਖਤ ਕਿੰਨੇ ਸਮੇਂ ਤੋਂ ਉੱਥੇ ਹੈ?"

139 "ਔਹ," ਉਸ ਨੇ ਕਿਹਾ, "ਮੈਂ ਉਹ ਰੁੱਖ ਉੱਥੇ ਲਾਇਆ ਸੀ, ਤੀਹ ਜਾਂ ਚਾਲੀ ਸਾਲ ਪਹਿਲਾਂ, ਜਾਂ ਕੁਝ ਹੋਰ।"

140 "ਹਾਂ, ਸ਼੍ਰੀਮਾਨ।" ਮੈਂ ਕਿਹਾ, "ਮੈਂ ਤੁਹਾਨੂੰ ਇੱਕ ਸਵਾਲ ਪੁੱਛਣਾ ਚਾਹਾਂਗਾ।" ਮੈਂ ਕਿਹਾ, "ਸੰਸਾਰ ਵਿੱਚ ਕਿਵੇਂ...ਮੈਂ ਦੇਖਦਾ ਹਾਂ ਕਿ ਉਹ ਸੇਬ ਉਸ ਰੁੱਖ ਤੋਂ ਡਿੱਗ ਗਏ ਹਨ, ਅਤੇ ਇਸਦੇ ਪੱਤੇ ਝੜ ਰਹੇ ਹਨ, ਅਤੇ ਇੱਥੇ ਇਹ ਸਿਰਫ ਅਗਸਤ ਦਾ ਮੱਧ ਹੈ।" ਅਤੇ ਮੈਂ ਕਿਹਾ, "ਸਾਡੇ ਕੋਲ ਤਾਂ ਠੰਡ ਵੀ ਨਹੀਂ ਪਈ, ਸਾਡੇ ਕੋਲ ਕੋਰਾ ਜਾਂ ਕੁਝ ਵੀ ਨਹੀਂ ਪਿਆ, ਅਤੇ ਫਿਰ ਵੀ ਉਹ ਪੱਤੇ ਉਸ ਰੁੱਖ ਤੋਂ ਝੜ ਰਹੇ ਹਨ। ਅਜਿਹਾ ਕਿਉਂ ਹੈ?"

ਉਸ ਨੇ ਕਿਹਾ, "ਰਸ ਨੇ ਰੁੱਖ ਨੂੰ ਛੱਡ ਦਿੱਤਾ ਹੈ।"

"ਔਹ," ਮੈਂ ਕਿਹਾ, "ਇਹ ਕਿੱਥੇ ਗਿਆ?"

ਉਸ ਨੇ ਕਿਹਾ, "ਹੇਠਾਂ ਜੜ੍ਹਾਂ ਵਿੱਚ।"

ਅਤੇ ਮੈਂ ਕਿਹਾ, "ਫਿਰ ਇਹ ਉਥੇ ਕਿੰਨਾ ਕੁ ਚਿਰ ਰਹੇਗਾ?"

ਉਸ ਨੇ ਕਿਹਾ, "ਬਸੰਤ ਤੱਕ।"

141 ਅਤੇ ਮੈਂ ਕਿਹਾ, "ਫਿਰ ਇਹ ਵਾਪਸ ਆ ਜਾਵੇਗਾ, ਅਤੇ ਤੁਹਾਡੇ ਵਾਸਤੇ ਛਾਂ ਲਈ ਨਵੇਂ ਪੱਤੇ ਲਿਆਏਗਾ, ਖਾਣ ਲਈ ਨਵੇਂ ਸੇਬ।"

ਉਸ ਨੇ ਕਿਹਾ, "ਇਹ ਠੀਕ ਹੈ। ਬਿਲਕੁਲ ਸਹੀ।"

142 ਮੈਂ ਕਿਹਾ, "ਅੱਛਾ, ਮੈਂ ਤੁਹਾਨੂੰ ਕੁਝ ਪੁੱਛਣਾ ਚਾਹੁੰਦਾ ਹਾਂ, ਸ਼੍ਰੀ ਮਾਨ। ਤੁਸੀਂ ਇਹਨਾਂ ਬੰਦਿਆਂ ਬਾਰੇ ਗੱਲ ਕਰਦੇ ਹੋ ਜੋ ਨਹੀਂ ਜਾਣਦੇ ਕਿ ਉਹ ਕਿਸ ਬਾਰੇ ਗੱਲ ਕਰ ਰਹੇ ਹਨ।" ਮੈਂ ਕਿਹਾ, "ਕੀ ਤੁਸੀਂ ਮੈਨੂੰ ਸਮਝਾ ਸਕਦੇ ਹੋ ਕਿ ਕਿਹੜੀ ਬੁੱਧ ਉਸ ਰਸ ਨੂੰ ਉਸ ਰੁੱਖ ਨੂੰ ਛੱਡਣ ਲਈ ਕਹਿੰਦੀ ਹੈ? ਜੇ ਇਹ ਸਰਦੀਆਂ ਵਿੱਚ ਉੱਥੇ ਰਹੇ, ਤਾਂ ਰੁੱਖ ਮਰ ਜਾਵੇਗਾ। ਤੁਸੀਂ ਰੁੱਖ ਨੂੰ ਮਾਰ ਦਿਓਗੇ। ਜੀਵਨ ਦਾ ਜੀਵਾਣੂ ਉਸ ਰਸ ਵਿੱਚ ਹੈ।" ਤਾਂ ਮੈਂ ਕਿਹਾ, "ਇਹ ਰੁੱਖ ਨੂੰ ਮਾਰ ਦੇਵੇਗਾ। ਕਿਹੜੀ ਬੁੱਧ ਉਸ ਰਸ ਨੂੰ ਉਸ ਰੁੱਖ ਵਿੱਚੋਂ ਬਾਹਰ ਨਿਕਲ ਕੇ, ਹੇਠਾਂ ਜੜ੍ਹਾਂ ਵਿੱਚ, ਬਸੰਤ ਰੁੱਤ ਤੱਕ ਠਹਿਰਾਉਂਦੀ ਹੈ, ਅਤੇ ਫਿਰ ਦੁਬਾਰਾ ਵਾਪਸ ਆਉਣ ਅਤੇ ਕੁਝ ਹੋਰ ਸੇਬ ਲਿਆਉਣ ਲਈ ਕਹਿੰਦੀ ਹੈ?" ਮੈਂ ਕਿਹਾ, "ਇੱਕ ਬਾਲਟੀ ਵਿੱਚ ਪਾਣੀ ਪਾਓ ਅਤੇ ਇਸਨੂੰ ਇੱਕ ਖੰਭੇ ਕੋਲ ਰੱਖੋ, ਅਤੇ ਵੇਖੋ ਕਿ ਕੀ, ਅਗਸਤ ਵਿੱਚ, ਇਹ ਖੰਭੇ ਦੇ ਹੇਠਲੇ ਹਿੱਸੇ ਵਿੱਚ ਜਾਵੇਗਾ ਅਤੇ ਬਸੰਤ ਰੁੱਤ ਵਿੱਚ ਵਾਪਸ ਆ ਜਾਵੇਗਾ। ਸਮਝੇ?" ਮੈਂ ਕਿਹਾ,

"ਇੱਥੇ ਕੋਈ ਨਿਯਮ ਹੈ, ਕੁਦਰਤ ਦਾ ਕੋਈ ਨਿਯਮ ਹੈ। ਕਿਸੇ ਬੁੱਧ ਨੇ ਇਸ ਨਿਯਮ ਨੂੰ ਕ੍ਰਮਬੱਧ ਕੀਤਾ ਹੈ। ਇੰਨਾ ਹੀ ਨਹੀਂ, ਸਗੋਂ ਉਸੇ ਬੁੱਧ ਨੂੰ ਉਸ ਨਿਯਮ ਨੂੰ ਚਲਾਉਣਾ ਪੈਂਦਾ ਹੈ, ਜੋ ਇਸ ਨੂੰ ਰੁੱਖ ਦੀ ਜੜ੍ਹ ਵਿੱਚ ਲੈ ਜਾਂਦਾ ਹੈ, ਅਤੇ ਇਹ ਵਾਪਸ ਆ ਜਾਂਦਾ ਹੈ।"

ਉਸ ਨੇ ਕਿਹਾ, "ਮੈਂ ਇਸ ਬਾਰੇ ਕਦੇ ਸੋਚਿਆ ਨਹੀਂ ਸੀ।"

143 ਮੈਂ ਕਿਹਾ, "ਤੁਸੀਂ ਜੇ...ਜੇਕਰ ਤੁਸੀਂ ਉਸ ਬੁੱਧੀ ਦਾ ਪਤਾ ਲਗਾ ਸਕਦੇ ਹੋ ਜੋ ਉਸ ਰੁੱਖ ਦੀਆਂ ਟਾਹਣੀਆਂ ਵਿੱਚੋਂ ਰਸ ਨੂੰ, ਹੇਠਾਂ ਜੜ੍ਹਾਂ ਵਿੱਚ ਉਤਾਰ ਦਿੰਦੀ ਹੈ ਅਤੇ ਵਾਪਸ ਲਿਆਉਂਦੀ ਹੈ, ਇਹ ਉਹੀ ਬੁੱਧ ਹੈ ਜਿਸ ਨੇ ਉਸ ਰਾਤ ਮੈਨੂੰ ਉੱਥੇ ਦੱਸਿਆ ਸੀ, 'ਜਾਓ, ਉਸ ਰੁਮਾਲ ਨੂੰ ਔਰਤ ਤੇ ਰੱਖ ਦਿਓ।'"

ਉਸ ਨੇ ਕਿਹਾ, "ਅਤੇ ਤੁਸੀਂ ਉਹ ਪ੍ਰਚਾਰਕ ਹੋ?"

ਮੈਂ ਕਿਹਾ, "ਹਾਂ, ਸ਼੍ਰੀਮਾਨ, ਇਹ ਸਹੀ ਹੈ।"

144 ਪਿਛਲੇ ਸਾਲ ਜਦ ਮੈਂ ਗਿਆ ਸੀ (ਉਹ ਮਰ ਗਿਆ ਸੀ), ਅਤੇ ਜਦੋਂ ਉਸਦੀ ਵਿਧਵਾ ਬਰਾਂਡੇ ਵਿੱਚ ਬੈਠੀ ਸੀ, ਉਸੇ ਰੁੱਖ ਦੇ, ਸੇਬ ਛਿੱਲ ਰਹੀ ਸੀ। ਭਾਈ...ਪਹਿਲਾਂ ਉਹ ਸਾਨੂੰ ਬਾਹਰ ਕੱਢਣ ਜਾ ਰਹੇ ਸਨ, ਉਹ ਨਹੀਂ ਜਾਣਦੇ ਸਨ ਕਿ ਅਸੀਂ ਕੌਣ ਹਾਂ। ਅਤੇ ਮੈਂ ਜਾ ਕੇ ਉਸ ਨੂੰ ਇਸ ਬਾਰੇ ਦੱਸਿਆ, ਕਿ ਸਾਨੂੰ ਉਸ ਤੋਂ ਇਜਾਜ਼ਤ ਮਿਲੀ ਹੋਈ ਸੀ। ਅਤੇ ਇਸ ਬਾਰੇ ਦੱਸਿਆ, ਕਿਹਾ, "ਉਸਨੇ ਮਰਨ ਤੋਂ ਪਹਿਲਾਂ ਮਸੀਹ ਦਾ ਪੂਰਾ ਇਕਰਾਰ ਕੀਤਾ।"

145 ਤੁਸੀਂ ਦੇਖੋ, ਉਹ ਰੁੱਖ ਕੀ ਕਰਦਾ ਹੈ, ਕਿਹੜੀ ਬੁੱਧੀ ਇਸ ਨੂੰ ਹੇਠਾਂ ਭੇਜਦੀ ਹੈ? ਇਹ ਇੱਕ ਨਿਯਮ ਹੈ। ਇਹ ਇੱਕ ਨਿਯਮ ਹੈ ਜੋ ਪਰਮੇਸ਼ੁਰ ਨੇ ਕ੍ਰਮ ਵਿੱਚ ਸਥਾਪਿਤ ਕੀਤਾ ਹੋਇਆ ਹੈ। ਅਤੇ ਉਹ ਨਿਯਮ ਪਰਮੇਸ਼ੁਰ ਦਾ ਨਿਯਮ ਹੈ ਜੋ ਮਾਮਲੇ ਦੀ ਦੇਖਭਾਲ ਕਰੇਗਾ। ਆਮੀਨ।

146 ਤੁਸੀਂ ਜਾਣਦੇ ਹੋ, ਮੈਨੂੰ ਇਸ ਗੱਲ ਦੀ ਪਰਵਾਹ ਨਹੀਂ ਹੈ ਕਿ ਤੁਸੀਂ ਕਿੰਨਾ ਚੀਕਦੇ ਹੋ, ਅਤੇ ਹੁਣ ਕਹੋ—ਕਹੋ, "ਇਹ ਨਹੀਂ ਹੋਵੇਗਾ, ਸੂਰਜ ਇਸ ਗਰਮੀਆਂ ਵਿੱਚ ਨਹੀਂ ਚਮਕੇਗਾ।" ਇਹ ਚਮਕੇਗਾ, ਕਿਸੇ ਵੀ ਤਰ੍ਹਾਂ। ਤੁਸੀਂ ਕਿੰਨਾ ਕੁਝ ਕਹਿਣ ਜਾ ਰਹੇ ਹੋ, "ਮੈਂ—ਮੈਂ—ਮੈਂ ਰਾਤ ਦਾ ਸਮਾਂ ਨਹੀਂ ਆਉਣ ਦਿਆਂਗਾ।" ਇਹ ਆਵੇਗਾ, ਕਿਸੇ ਵੀ ਤਰ੍ਹਾਂ। ਕਿਉਂਕਿ ਇਹ ਚੀਜ਼ ਜਿਸ ਵਿੱਚ ਅਸੀਂ ਰਹਿੰਦੇ ਹਾਂ, ਜਿਸ ਨੂੰ ਸੰਸਾਰ ਕਿਹਾ ਜਾਂਦਾ ਹੈ, ਪਰਮੇਸ਼ੁਰ ਦੇ ਨਿਯਮ ਦੁਆਰਾ ਨਿਯੰਤਰਿਤ ਹੈ।

147 ਹੁਣ, ਭਰਾਵੋ ਅਤੇ ਭੈਣੋ, ਮੈਂ ਤੁਹਾਡੇ ਤੋਂ ਕੁਝ ਪੁੱਛਣਾ ਚਾਹੁੰਦਾ ਹਾਂ। ਫਿਰ, ਜੇ ਅਸੀਂ ਪਰਮੇਸ਼ੁਰ ਦੇ ਆਤਮਾ ਤੋਂ ਦੁਬਾਰਾ ਜਨਮ ਲਿਆ ਹੈ...ਪਰਮੇਸ਼ੁਰ

ਕੋਲ ਕੁਝ ਛੋਟੇ ਛੋਟੇ ਅੰਗ ਅਤੇ ਕੁਝ ਵੱਡੇ ਤਕੜੇ ਅੰਗ ਨਹੀਂ ਹਨ, ਉਹ ਪੂਰਾ ਪਰਮੇਸ਼ੁਰ ਹੈ! ਅਤੇ ਜੇਕਰ ਤੁਹਾਡੇ ਵਿੱਚ ਇੰਨਾ ਕੁ ਪਰਮੇਸ਼ੁਰ ਹੁੰਦਾ, ਭਾਵੇਂ ਇੱਕ ਇੱਕ ਪਰਛਾਂਵੇ ਤੋਂ ਵੀ ਘੱਟ, ਇਹ ਇੱਕ ਨਵੀਂ ਧਰਤੀ ਬਣਾਉਣ ਲਈ ਕਾਫ਼ੀ ਸ਼ਕਤੀ ਹੁੰਦੀ। ਇਹ ਇੱਕ ਨਵਾਂ ਚੰਦ ਅਤੇ ਇੱਕ ਨਵਾਂ ਮੰਡਲ ਬਣਾਉਣ ਲਈ ਕਾਫ਼ੀ ਸ਼ਕਤੀ ਹੈ। ਇਹ ਪਰਮੇਸ਼ੁਰ ਹੈ, ਅਤੇ ਇਹ ਮਜ਼ਬੂਤ ਹੈ! ਅਤੇ ਇਸ ਸਮੇਂ ਇੱਥੇ ਹਰ ਵਿਸ਼ਵਾਸੀ ਕੋਲ ਸਦੀਪਕ ਜੀਵਨ ਹੈ, ਜੋ ਕਿ, ਤੁਹਾਡੇ ਵਿੱਚ ਪਰਮੇਸ਼ੁਰ ਦੀ ਆਤਮਾ ਹੈ; ਕਾਫ਼ੀ ਸ਼ਕਤੀ ਜੋ ਮੁਰਦਿਆਂ ਨੂੰ ਜਿਵਾਏਗੀ, ਜੋ ਬਿਮਾਰਾਂ ਨੂੰ ਚੰਗਾ ਕਰੇਗੀ, ਜੋ ਕਿ ਹਾਲਾਤਾਂ ਨੂੰ ਠੀਕ ਕਰ ਦੇਵੇਗੀ। ਪਰ ਤੁਸੀਂ, ਇਹ ਇੱਕ ਨਿਯਮ ਦੁਆਰਾ ਨਿਯੰਤਰਿਤ ਹੈ, ਉਹ ਆਤਮਾ ਜੋ ਤੁਹਾਡੇ ਵਿੱਚ ਹੈ। ਤੁਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹੋ। ਉਹੀ ਆਤਮਾ ਜੋ ਤੁਹਾਡੇ ਅੰਦਰ ਹੈ, ਕਿਆਮਤ ਦੇ ਦਿਨ ਤੁਹਾਨੂੰ ਜਿਉਂਦਾ ਕਰੇਗੀ।

148 ਯਿਸੂ, ਜਦੋਂ ਉਹ ਇੱਥੇ ਧਰਤੀ ਉੱਤੇ ਸੀ, ਜਦੋਂ ਉਹ ਮਰ ਗਿਆ, ਉਸਦਾ ਪ੍ਰਾਣ ਨਰਕ ਵਿੱਚ ਉਤਰ ਗਿਆ, "ਅਤੇ ਉਨ੍ਹਾਂ ਰੂਹਾਂ ਨੂੰ ਪਰਚਾਰ ਕੀਤਾ ਜੋ ਕੈਦ ਵਿੱਚ ਸਨ, ਰੂਹਾਂ ਜੋ ਕੈਦ ਵਿੱਚ ਸਨ, ਜਿਨ੍ਹਾਂ ਨੇ ਨੂਹ ਦੇ ਦਿਨਾਂ ਦੀ ਧੀਰਜ ਨਾਲ ਤੋਬਾ ਨਹੀਂ ਕੀਤੀ।" ਉਸ ਦਾ ਸਰੀਰ ਕਬਰ ਵਿਚ ਚਲਾ ਗਿਆ। ਪਰ ਮਰਨ ਤੋਂ ਪਹਿਲਾਂ, ਉਸਨੇ ਆਪਣੀ ਆਤਮਾ ਨੂੰ ਪਰਮੇਸ਼ੁਰ ਦੇ ਹੱਥਾਂ ਵਿੱਚ ਸੌਂਪ ਦਿੱਤਾ ਸੀ। ਉਸਦੀ ਆਤਮਾ ਪਰਮੇਸ਼ੁਰ ਕੋਲ ਗਈ, ਉਸਦਾ ਪ੍ਰਾਣ ਨਰਕ ਵਿੱਚ ਗਿਆ, ਅਤੇ ਉਸਦਾ ਸਰੀਰ ਕਬਰ ਵਿੱਚ ਚਲਾ ਗਿਆ। ਅਤੇ ਯਿਸੂ ਨੂੰ ਪੁਨਰ-ਉਥਾਨ ਤੋਂ ਉਦੋਂ ਤੱਕ ਰੋਕਿਆ ਗਿਆ ਸੀ ਜਦੋਂ ਤੱਕ ਲਿਖਤ ਪੂਰੀ ਨਹੀਂ ਹੋ ਗਈ। ਉਹ ਵਾਪਸ ਨਹੀਂ ਆ ਸਕਦਾ ਸੀ, ਕਿਉਂਕਿ ਉਸਨੂੰ ਤਿੰਨ ਦਿਨ ਅਤੇ ਰਾਤਾਂ ਕਬਰ ਵਿੱਚ ਰਹਿਣਾ ਪੈਣਾ ਸੀ। ਪਰ ਜਦੋਂ ਸਾਰੀਆਂ ਲਿਖਤਾਂ ਦੀ ਸਾਰੀ ਗੱਲ ਪੂਰੀ ਹੋ ਗਈ, ਤਾਂ ਇਹ ਰੁਕਾਵਟ ਹਟਾ ਦਿੱਤੀ ਗਈ; ਉਸਦੀ ਆਤਮਾ ਉਸਦੇ ਪ੍ਰਾਣ ਵਿੱਚ ਉਤਰੀ, ਉਸਦਾ ਪ੍ਰਾਣ ਉਸਦੇ ਸਰੀਰ ਵਿੱਚ, ਅਤੇ ਉਹ ਦੁਬਾਰਾ ਜੀ ਉੱਠਿਆ।

149 ਅਤੇ ਜਦੋਂ ਅਸੀਂ ਮਰਦੇ ਹਾਂ, ਸਾਡੀਆਂ ਰੂਹਾਂ ਪਰਮੇਸ਼ੁਰ ਦੀ ਜਗਵੇਦੀ ਦੇ ਹੇਠਾਂ ਚਲੀਆਂ ਜਾਣਗੀਆਂ; ਜਿੱਥੇ ਮੈਨੂੰ ਦੇਖਣ ਦਾ ਮੌਕਾ ਮਿਲਿਆ, ਕੁਝ ਸਵੇਰ ਪਹਿਲਾਂ, ਜਿਵੇਂ ਤੁਸੀਂ ਜਾਣਦੇ ਹੋ, ਦਰਸ਼ਨ ਵਿੱਚ, ਜਿੱਥੇ ਇਸ ਬਾਰੇ ਬਾਈਬਲ ਦੱਸਦੀ ਹੈ, "ਸਾਡੀਆਂ ਆਤਮਾਵਾਂ ਪਰਮੇਸ਼ੁਰ ਕੋਲ ਜਾਣਗੀਆਂ ਜੋ ਇਸਨੂੰ ਦਿੰਦਾ ਹੈ, ਅਤੇ ਸਾਡੇ ਸਰੀਰ ਧਰਤੀ ਦੀ ਮਿੱਟੀ ਵਿੱਚ ਵਾਪਸ ਚਲੇ ਜਾਣਗੇ।" ਪਰ ਕਿਸੇ ਦਿਨ, ਜਦੋਂ ਲਿਖਤਾਂ ਪੂਰੀਆਂ ਹੋ ਜਾਣਗੀਆਂ, ਸਾਡੀਆਂ ਆਤਮਾਵਾਂ ਪਰਮੇਸ਼ੁਰ ਤੋਂ ਮੁਕਤ ਹੋ ਜਾਣਗੀਆਂ, ਪ੍ਰਾਣ ਨੂੰ ਚੁੱਕ ਲੈਣਗੀਆਂ, ਅਤੇ ਪ੍ਰਾਣ ਸਰੀਰ ਵਿੱਚ ਚਲਾ ਜਾਵੇਗਾ। ਅਤੇ ਉਹ ਸ਼ਕਤੀ ਜੋ ਸਾਨੂੰ ਉਠਾਏਗੀ, ਉਹ

ਹੁਣ ਸਾਡੇ ਵਿੱਚ ਹੈ! ਅਸੀਂ ਹੁਣ ਸਵਰਗੀ ਸਥਾਨਾਂ ਵਿੱਚ ਹਾਂ। ਅਸੀਂ ਹੁਣ ਪੁਨਰ-ਉਥਾਨ ਦੀ ਸ਼ਕਤੀ ਵਿੱਚ ਹਾਂ।

150 ਜੇ ਇਸ ਲਈ ਕੋਈ ਨਿਯਮ ਨਹੀਂ ਸੀ, ਤਾਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਆਪਣੇ ਲਈ ਇੱਥੇ ਇੱਕ ਸੰਸਾਰ ਬਣਾ ਲੈਂਦੇ ਅਤੇ ਇਸ ਉੱਤੇ ਇੱਕ ਨਿੱਜੀ ਜੀਵਨ ਬਤੀਤ ਕਰਦੇ। ਤੁਹਾਡੇ ਅੰਦਰ ਅਜਿਹਾ ਕਰਨ ਦੀ ਸ਼ਕਤੀ ਹੈ। ਜੇਕਰ ਤੁਹਾਡੇ ਅੰਦਰ ਪਰਮੇਸ਼ੁਰ ਦੀ ਸ਼ਕਤੀ ਦਾ ਪਰਛਾਵਾਂ ਵੀ ਹੈ, ਤਾਂ ਤੁਹਾਡੇ ਕੋਲ ਅਜਿਹਾ ਕਰਨ ਦੀ ਸ਼ਕਤੀ ਹੈ। ਪਰਮੇਸ਼ੁਰ ਸਰਬਸ਼ਕਤੀਮਾਨ ਹੈ। ਸਮਝੇ ਮੇਰਾ ਕੀ ਮਤਲਬ ਹੈ? ਤੁਹਾਡੇ ਅੰਦਰ ਜੋ ਸ਼ਕਤੀ ਹੈ ਉਹ ਬਣਾਵੇਗੀ, ਤੁਸੀਂ ਬੋਲ ਕੇ ਇੱਕ ਸੰਸਾਰ ਨੂੰ ਹੋਂਦ ਵਿੱਚ ਲਿਆ ਸਕਦੇ ਹੋ ਅਤੇ ਇਸ ਵਿੱਚ ਰਹਿ ਸਕਦੇ ਹੋ। ਹਲਲੂਯਾਹ! ਉਥੇ ਤੁਸੀਂ ਹੋ।

151 ਇਹ ਉਹੀ ਸ਼ਕਤੀ ਹੈ ਜੋ ਹੁਣ ਕਲੀਸਿਯਾ ਵਿੱਚ ਹੈ, ਪਰ ਇਹ ਇੱਕ ਨਿਯਮ ਦੁਆਰਾ ਨਿਯੰਤਰਿਤ ਹੈ। ਅਤੇ ਉਹ ਨਿਯਮ "ਕੁਝ ਹੁਕਮਾਂ ਨੂੰ ਮੰਨਣਾ" ਨਹੀਂ ਹੈ। ਇਹ ਵਿਸ਼ਵਾਸ ਦਾ ਨਿਯਮ ਹੈ। ਯਿਸੂ ਨੇ ਕਿਹਾ, "ਵਿਸ਼ਵਾਸ ਕਰਨ ਵਾਲਿਆਂ ਲਈ ਸਭ ਕੁਝ ਸੰਭਵ ਹੈ।" ਅਤੇ ਜੇਕਰ ਤੁਸੀਂ ਇਸ ਤੇ ਵਿਸ਼ਵਾਸ ਕਰ ਸਕਦੇ ਹੋ, ਤਾਂ ਜੋ ਵੀ ਪਰਮੇਸ਼ੁਰ ਤੁਹਾਡੀ ਆਤਮਾ ਨੂੰ ਵਿਸ਼ਵਾਸ ਕਰਨ ਲਈ ਅਗਵਾਈ ਕਰੇਗਾ, ਉਹ ਤੁਹਾਡਾ ਹੈ। ਹਰੇਕ ਥਾਂ ਜਿੱਥੇ ਤੁਸੀਂ ਆਪਣੇ ਪੈਰ ਰੱਖੋਗੇ, ਵਿਸ਼ਵਾਸ ਦੁਆਰਾ, ਪਰਮੇਸ਼ੁਰ ਤੁਹਾਨੂੰ ਦੇ ਦੇਵੇਗਾ। ਆਮੀਨ! ਇਹ ਤੁਹਾਡਾ ਹੈ, ਤੁਹਾਡੇ ਕੋਲ ਹੈ, ਜੇਕਰ ਤੁਸੀਂ ਵਿਸ਼ਵਾਸ ਦੇ ਇਸ ਨਿਯਮ ਦੀ ਕੁੰਜੀ ਲੱਭ ਸਕਦੇ ਹੋ ਜੋ ਇਸਨੂੰ ਤੁਹਾਡੇ ਲਈ ਖੋਲ੍ਹਦਾ ਹੈ। ਤੁਸੀਂ ਸਮਝੇ ਮੇਰਾ ਕੀ ਮਤਲਬ ਹੈ? ਉਸ ਸ਼ਕਤੀ ਨਿਯੰਤਰਿਤ ਕੀਤਾ ਜਾਂਦਾ ਹੈ...ਜੇ ਤੁਸੀਂ ਪਰਮੇਸ਼ੁਰ ਦੇ ਪੁੱਤਰ ਹੋ, ਤੁਸੀਂ ਪਰਮੇਸ਼ੁਰ ਦੀ ਧੀ ਹੋ, ਉਹ ਤੁਹਾਨੂੰ ਕਦੇ ਨਹੀਂ ਛੱਡੇਗਾ। ਇਹ ਹਰ ਸਮੇਂ ਤੁਹਾਡੇ ਨਾਲ ਹੈ। ਪਰ, ਤੁਹਾਡਾ ਵਿਸ਼ਵਾਸ ਇਸ ਤੋਂ ਦੂਰ ਹੋ ਜਾਂਦਾ ਹੈ, ਪਰ ਇਹ ਅਜੇ ਵੀ ਉੱਥੇ ਹੈ। ਹਲਲੂਯਾਹ!

152 ਜਦੋਂ ਤੁਸੀਂ ਬਚਾਏ ਜਾਂਦੇ ਹੋ, ਤਾਂ ਪਰਮੇਸ਼ੁਰ ਤੁਹਾਨੂੰ ਧਰਤੀ ਦੇ ਚਿੱਕੜ ਵਿੱਚੋਂ ਉੱਠਣ ਲਈ ਵਿਸ਼ਵਾਸ ਦਿੰਦਾ ਹੈ। ਤੁਹਾਡੀ ਨਿਹਚਾ ਸੰਸਾਰ ਦੀਆਂ ਚੀਜ਼ਾਂ ਨੂੰ ਜਿੱਤ ਲੈਂਦੀ ਹੈ। ਤੁਹਾਡਾ ਵਿਸ਼ਵਾਸ ਕੀ ਹੈ? ਉਸ ਕੰਮ ਵਿੱਚ ਤੁਹਾਡਾ ਵਿਸ਼ਵਾਸ ਜੋ ਪਰਮੇਸ਼ੁਰ ਨੇ ਤੁਹਾਡੇ ਵਿੱਚ ਕੀਤਾ ਹੈ, ਤੁਹਾਨੂੰ ਪਰਮੇਸ਼ੁਰ ਦਾ ਪੁੱਤਰ ਬਣਾਉਣ ਲਈ। ਤੁਸੀਂ ਆਪਣਾ ਝੂਠ ਬੋਲਣਾ ਛੱਡ ਦਿਨਦੇ ਹੋ, ਤੁਸੀਂ ਆਪਣੀ ਚੋਰੀ ਛੱਡ ਦਿੰਦੇ ਹੋ, ਤੁਸੀਂ ਆਪਣੀ ਸ਼ਰਾਬ ਪੀਣੀ ਛੱਡ ਦਿੰਦੇ ਹੋ, ਕਿਉਂਕਿ ਤੁਹਾਡਾ ਵਿਸ਼ਵਾਸ ਤੁਹਾਨੂੰ ਇਸ ਤੋਂ ਉੱਪਰ ਉਠਾਉਂਦਾ ਹੈ। ਆਮੀਨ। ਜੇ ਤੁਸੀਂ ਅਜਿਹਾ ਨਹੀਂ ਕਰਦੇ, ਤਾਂ ਤੁਹਾਡੇ ਕੋਲ ਕੋਈ ਵਿਸ਼ਵਾਸ ਨਹੀਂ ਹੈ।

"ਅਤੇ ਵਿਸ਼ਵਾਸ ਦੁਆਰਾ ਤੁਸੀਂ ਬਚਾਏ ਗਏ ਹੋ, ਅਤੇ ਉਹ ਵੀ ਕਿਰਪਾ ਦੁਆਰਾ।"

153 ਜਿੰਨਾ ਤੁਹਾਡਾ ਵਿਸ਼ਵਾਸ ਹੋਵੇਗਾ, ਓਨੀ ਹੀ ਸ਼ਕਤੀ ਤੁਹਾਡੇ ਕੋਲ ਹੋ ਸਕਦੀ ਹੈ, ਕਿਉਂਕਿ ਤੁਹਾਡੇ ਵਿੱਚ ਆਕਾਸ਼ ਅਤੇ ਧਰਤੀ ਬਣਾਉਣ ਦੀ ਸ਼ਕਤੀ ਵੱਸਦੀ ਹੈ। ਪਰਮੇਸ਼ੁਰ ਤੁਹਾਡੇ ਅੰਦਰ ਵੱਸਦਾ ਹੈ, ਅਤੇ ਤੁਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹੋ। ਆਮੀਨ! ਉਥੇ ਤੁਸੀਂ ਹੋ। ਪਰ, ਇਹ ਤੁਹਾਡਾ ਵਿਸ਼ਵਾਸ ਹੈ। ਯਿਸੂ ਨੇ ਕਿਹਾ, "ਤੁਹਾਡੇ ਵਿਸ਼ਵਾਸ ਦੇ ਅਨੁਸਾਰ, ਇਹ ਤੁਹਾਡੇ ਲਈ ਹੋਵੇ। ਜੇਕਰ ਤੁਸੀਂ ਵਿਸ਼ਵਾਸ ਕਰ ਸਕਦੇ ਹੋ, ਤਾਂ ਸਭ ਕੁਝ ਸੰਭਵ ਹੈ। ਸੱਚਮੁੱਚ, ਮੈਂ ਤੁਹਾਨੂੰ ਆਖਦਾ ਹਾਂ, ਜੇ ਤੁਸੀਂ ਇਸ ਪਹਾੜ ਨੂੰ ਕਹੋ, 'ਹੱਟ ਜਾ,' ਅਤੇ ਸ਼ੱਕ ਨਾ ਕਰੋ, ਪਰ ਉਸ ਤੇ ਵਿਸ਼ਵਾਸ ਕਰੋ ਜੋ ਤੁਸੀਂ ਕਿਹਾ ਹੈ!"

154 ਤਦ ਸਾਨੂੰ ਕਿਹੋ ਜਿਹੇ ਲੋਕ ਹੋਣਾ ਚਾਹੀਦਾ ਹੈ, ਇਸ ਮਹਾਨ ਛੁਟਕਾਰਾ ਦੇਣ ਵਾਲੇ ਮਸੀਹ ਵਿੱਚ ਵਿਸ਼ਵਾਸ ਰੱਖਦੇ ਹੋਏ ਜੋ ਸਾਡੇ ਵਿੱਚ ਰਹਿੰਦਾ ਹੈ, ਇਹ ਮਾਰੀ ਹੋਈ ਚੱਟਾਨ ਜੋ ਕਦੇ ਕਲੀਸਿਯਾ ਨੂੰ ਨਹੀਂ ਛੱਡਦੀ? "ਮੈਂ ਹਮੇਸ਼ਾ ਤੁਹਾਡੇ ਨਾਲ ਹਾਂ, ਇੱਥੋਂ ਤੱਕ ਕਿ ਸੰਸਾਰ ਦੇ ਅੰਤ ਤੱਕ," ਮੁਕਤੀ ਅਤੇ ਸ਼ਕਤੀ ਦੇ ਮਹਾਨ ਵਹਾਅ ਦੀ ਸਦਾ-ਮੌਜੂਦਗੀ ਜੋ ਕਲਵਰੀ ਤੋਂ ਕਲੀਸਿਯਾ ਵਿੱਚ ਡੋਲ੍ਹੀ ਗਈ ਹੈ, ਜੀਵਤ ਪਰਮੇਸ਼ੁਰ ਦੀ ਸਦਾ-ਮੌਜੂਦਗੀ, ਮਹਾਨ ਵਹਾਅ ਵਾਲੀ, ਮਾਰੀ ਹੋਈ ਚੱਟਾਨ ਜੋ ਸਾਡੇ ਸਫ਼ਰ ਵਿੱਚ ਸਾਡੇ ਨਾਲ ਜਾਂਦੀ ਹੈ।

155 ਇਸਰਾਏਲ ਨੇ ਆਪਣੀ ਨਿਹਚਾ ਗੁਆ ਦਿੱਤੀ। ਉਹ ਮਾਰਗ ਤੋਂ ਹਟ ਗਏ। ਉਹ ਮਾਸ ਦੇ ਬਰਤਨ ਦੀ ਲਾਲਸਾ ਕਰਨ ਲੱਗ ਪਏ। ਜੇ ਉਹ ਵਿਸ਼ਵਾਸ ਨਾਲ ਠਹਿਰੇ ਹੁੰਦੇ, ਅਤੇ ਵਿਸ਼ਵਾਸ ਕਰਦੇ ਕਿ ਪਰਮੇਸ਼ੁਰ ਉਨ੍ਹਾਂ ਨੂੰ ਉਸ ਧਰਤੀ ਉੱਤੇ ਲੈ ਜਾਵੇਗਾ, ਉਹਨਾਂ ਨੂੰ ਕੋਈ ਵੀ ਚੀਜ ਰੋਕ ਨਹੀਂ ਸਕਦੀ ਸੀ। ਉਨ੍ਹਾਂ ਨੇ ਪਹਿਲਾਂ ਹੀ ਸਮੁੰਦਰਾਂ ਨੂੰ ਖੋਲ੍ਹ ਦਿੱਤਾ ਸੀ, ਉਨ੍ਹਾਂ ਨੇ ਆਪਣੇ ਦੁਸ਼ਮਣਾਂ ਨੂੰ ਬਿਪਤਾਵਾਂ ਨਾਲ ਮਾਰਿਆ ਸੀ, ਉਨ੍ਹਾਂ ਨੇ ਆਪਣੇ ਦੁਸ਼ਮਣਾਂ ਨੂੰ ਉਨ੍ਹਾਂ ਦੇ ਪਿੱਛੇ ਸਲੀਬ ਦਿੱਤੀ ਸੀ, ਅਤੇ ਉਸ ਧਰਤੀ ਉੱਤੇ ਚਲੇ ਗਏ ਸਨ, ਅਤੇ ਫਿਰ ਵੀ ਵਾਅਦੇ ਕੋਲ ਜਾਣ ਲਈ ਵਿਸ਼ਵਾਸ ਨਹੀਂ ਕਰ ਸਕਦੇ ਸਨ।

156 ਯਹੋਸ਼ੁਆ ਅਤੇ ਕਾਲੇਬ ਕੋਲ ਇਹ ਵਿਸ਼ਵਾਸ ਸੀ! ਓਹਨਾਂ ਨੇ ਕਿਹਾ, "ਅਸੀਂ ਸਾਡੇ ਸਾਹਮਣੇ ਆਉਣ ਵਾਲੀ ਕਿਸੇ ਵੀ ਚੀਜ਼ ਨੂੰ ਜਿੱਤਣ ਲਈ ਸਮਰੱਥ ਹਾਂ।"

157 ਕਲੀਸਿਯਾ ਦੇ ਨਾਲ ਇਹੀ ਸਮੱਸਿਆ ਹੈ। ਅਸੀਂ ਹਰ ਬਿਮਾਰੀ ਨੂੰ ਜਿੱਤ ਸਕਦੇ ਹਾਂ। ਸਾਡੇ ਅੰਦਰ ਸ਼ਕਤੀ ਹੈ। ਅਸੀਂ ਪਰਮੇਸ਼ੁਰ ਦੇ ਪੁੱਤਰ ਅਤੇ ਧੀਆਂ ਹਾਂ, ਸਾਡੇ ਅੱਗੇ ਕੁਝ ਨਹੀਂ ਟਿਕ ਸਕਦਾ। ਸਿਰਫ ਇੱਕੋ ਗੱਲ, ਉਹ ਕਿਸੇ

ਅਜਿਹੇ ਵਿਅਕਤੀ ਨੂੰ ਲੱਭਣਾ ਚਾਹੁੰਦਾ ਹੈ ਜੋ ਇਸ ਤੇ ਵਿਸ਼ਵਾਸ ਕਰੇਗਾ, ਜੋ ਵਿਸ਼ਵਾਸ ਕਰੇਗਾ ਕਿ ਪਰਮੇਸ਼ੁਰ ਨੇ ਤੁਹਾਡੇ ਲਈ ਪਹਿਲਾਂ ਹੀ ਕਰ ਦਿੱਤਾ ਹੈ। ਇਹ ਨਹੀਂ ਕਿ ਅਸੀਂ *ਹੋਵਾਂਗੇ*; ਅਸੀਂ ਹੁਣ ਹਾਂ! ਅਤੇ ਆਤਮਾ ਦੀ ਸਦੀਵੀ-ਰਹਿਣ ਵਾਲੀ ਮੌਜੂਦਗੀ ਸਾਡੇ ਨਾਲ ਹੈ। ਆਮੀਨ! ਉਥੇ ਤੁਸੀਂ ਹੋ।

158 ਮੇਰਾ ਇਹੀ ਮਤਲਬ ਸੀ ਜਦੋਂ ਮੈਂ ਅੱਜ ਸਵੇਰੇ ਇਸ ਵਿਸ਼ੇ ਬਾਰੇ ਗੱਲ ਕੀਤੀ ਸੀ, *ਚਟਾਨ ਤੋਂ ਸਦਾ-ਮੁਹੱਈਆ ਹੋਣ ਵਾਲਾ ਜਲ।* ਚੱਟਾਨ ਤੋਂ ਸਦਾ-ਮੁਹੱਈਆ ਹੋਣ ਵਾਲਾਂ ਜਲ ਇਸ ਵੇਲੇ ਇੱਥੇ ਹੈ, ਕਲਵਰੀ ਉੱਤੇ ਉਸ ਮਾਰੀ ਗਈ ਚੱਟਾਨ ਤੋਂ ਸਦਾ-ਮੁਹੱਈਆ ਹੋਣ ਵਾਲਾ ਜਲ। ਜਦੋਂ ਕਲਵਰੀ ਉੱਤੇ ਉਹ ਪਵਿੱਤਰ ਆਤਮਾ ਉਸ ਵਿੱਚੋਂ ਬਾਹਰ ਆਇਆ, ਜੋ ਪੰਤੇਕੁਸਤ ਦੇ ਦਿਨ ਕਲੀਸਿਯਾ ਵਿੱਚ ਵਾਪਸ ਆਇਆ, ਉਹੀ ਪਵਿੱਤਰ ਆਤਮਾ ਅੱਜ ਸਵੇਰੇ ਮੌਜੂਦ ਹੈ। ਅਤੇ ਇਹ ਸਾਨੂੰ ਇੱਕ ਵਾਅਦਾ ਦਿੰਦਾ ਹੈ!

159 ਇਹੀ ਕਾਰਨ ਹੈ, ਬਿਮਾਰ ਲੋਕਾਂ ਦੇ ਅੱਗੇ ਤੁਰਦੇ ਹੋਏ, ਜਦੋਂ ਉਸਨੇ ਮੈਨੂੰ ਇਹ ਕੰਮ ਸੌਂਪਿਆ, ਮੈਂ ਵਿਸ਼ਵਾਸ ਕਰਦਾ ਹਾਂ; ਪਰਮੇਸ਼ੁਰ ਨੇ ਅਜਿਹਾ ਕਿਹਾ ਸੀ! ਦਰਸ਼ਨ ਇਸੇ ਤਰ੍ਹਾਂ ਹੀ ਹੁੰਦੇ ਹਨ; ਪਰਮੇਸ਼ੁਰ ਨੇ ਇਹ ਵਾਅਦਾ ਕੀਤਾ ਸੀ! ਪਰਮੇਸ਼ੁਰ ਝੂਠ ਨਹੀਂ ਬੋਲ ਸਕਦਾ।

160 ਇਸ ਤੇ ਵਿਸ਼ਵਾਸ ਕਰੋ! ਤੁਹਾਨੂੰ ਇਸ ਤੇ ਵਿਸ਼ਵਾਸ ਕਰਨਾ ਪਏਗਾ। ਉੱਥੇ ਕੁਝ ਹੋਣਾ ਚਾਹੀਦਾ ਹੈ, ਉਸ ਚੀਜ ਨੂੰ ਖੋਲ੍ਹੋ, ਉਸ ਚੀਜ਼ ਨੂੰ ਖੋਲ੍ਹੋ ਤਾਂ ਜੋ ਤੁਹਾਨੂੰ ਇਸ ਵਿੱਚ ਆਉਣ ਦਿੱਤਾ ਜਾ ਸਕੇ। ਜਿਸ ਚੀਜ਼ ਦੀ ਸਾਨੂੰ ਅੱਜ ਲੋੜ ਹੈ ਉਹ ਹੋਰ ਸ਼ਕਤੀ ਲਈ ਪ੍ਰਾਰਥਨਾ ਨਹੀਂ ਹੈ। ਤੁਹਾਡੇ ਕੋਲ ਨਵੀਂ ਧਰਤੀ ਬਣਾਉਣ ਲਈ ਬਥੇਰੀ ਸ਼ਕਤੀ ਹੈ। ਤੁਹਾਨੂੰ ਜਿਸ ਚੀਜ ਦੀ ਲੋੜ ਹੈ ਉਹ ਹੈ ਉਸ ਸ਼ਕਤੀ ਦੀ ਵਰਤੋਂ ਕਰਨ ਲਈ ਵਿਸ਼ਵਾਸ। ਤੁਹਾਨੂੰ ਉਸ ਜੀਵਨ ਨੂੰ ਨਿਯੰਤਰਿਤ ਕਰਨ ਦੀ ਲੋੜ ਹੈ, ਅਤੇ ਅਜਿਹਾ ਧਰਮੀ ਜੀਵਨ ਜੀਓ, ਕਿ ਜਦੋਂ ਤੁਸੀਂ ਪਰਮੇਸ਼ੁਰ ਤੋਂ ਕੁਝ ਮੰਗਦੇ ਹੋ, ਤਾਂ ਤੁਸੀਂ ਜਾਣਦੇ ਹੋ! ਸਾਨੂੰ ਇਸ ਬਾਰੇ, ਪਰਮੇਸ਼ੁਰ ਵਿੱਚ ਭਰੋਸਾ ਹੈ। ਅਸੀਂ ਜਾਣਦੇ ਹਾਂ, ਜੇ ਅਸੀਂ ਉਸਦੇ ਹੁਕਮਾਂ ਨੂੰ ਮੰਨਦੇ ਹਾਂ, ਉਹ ਸਾਡੇ ਤੋਂ ਕੋਈ ਚੰਗੀ ਚੀਜ਼ ਨਹੀਂ ਰੋਕੇਗਾ, ਜੇਕਰ ਅਸੀਂ ਉਸਦੇ ਨਾਲ ਚੱਲਦੇ ਹਾਂ। ਪਰਮੇਸ਼ੁਰ ਸਾਡੇ ਨਾਲ ਚੱਲ ਰਿਹਾ ਹੈ। ਔਹ, ਮੇਰੇ!

161 ਉਨ੍ਹਾਂ ਨੇ ਸਿਰਫ਼ ਇੱਕ ਹੀ ਕੰਮ ਕਰਨਾ ਸੀ। ਉਨ੍ਹਾਂ ਨੇ ਸਿਰਫ ਇੱਕ ਚੀਜ਼ ਕਰਨੀ ਸੀ, ਉਹ ਸੀ, ਸਿੱਧੇ ਮਾਰਗ ਤੇ ਰਹਿਣਾ। ਇਹ ਨਹੀਂ ਕਿ *ਇਧਰ* ਭਟਕਣਾ, ਅਤੇ *ਉਧਰ* ਭਟਕਣਾ; ਪਰ ਮਾਰਗ ਤੇ ਰਹਿਣਾ! ਪਰ ਕਲੀਸਿਯਾ ਨੇ ਇੱਕ ਹੀ ਕੰਮ ਕਰਨਾ ਹੈ, ਮਾਰਗ ਤੇ ਰਹਿਣਾ! ਉਹਨਾਂ ਕੋਲ ਅੱਗ ਦਾ ਇੱਕ ਥੰਮ੍ਹ ਸੀ, ਜੋ ਉਹਨਾਂ ਕੋਲ ਸੀ, ਆਪਣੇ ਆਪ ਨੂੰ ਮਾਰਗ ਵਿੱਚ ਰੱਖਣ ਲਈ

ਅੱਗ ਦੇ ਉਸ ਥੰਮ੍ਹ ਦਾ ਪਿੱਛਾ ਕਰਨਾ। ਇਸੇ ਨੇ ਉਨ੍ਹਾਂ ਦੀ ਅਗਵਾਈ ਕੀਤੀ। ਉਹਨਾਂ ਦੀ ਵਸਤੂ ਜਿਸਨੂੰ ਉਹ ਦੇਖ ਸਕਦੇ ਸਨ, ਉਹ ਅੱਗ ਦਾ ਥੰਮ੍ਹ ਸੀ। ਉਨ੍ਹਾਂ ਨੇ ਇਸ ਨੂੰ ਮੂਸਾ ਰਾਹੀਂ ਕੰਮ ਕਰਦੇ ਦੇਖਿਆ, ਅਤੇ ਉਹ ਜਾਣਦੇ ਸਨ ਕਿ ਉਹ ਆਗੂ ਸੀ।

162 ਅੱਜ ਸਾਡੇ ਕੋਲ ਵਚਨ ਹੈ। ਅਸੀਂ ਵਚਨ ਦਾ ਪਿੱਛਾ ਕਰਦੇ ਹਾਂ। ਅਤੇ ਅਸੀਂ ਵਿਸ਼ਵਾਸੀਆਂ ਵਿੱਚ ਵਚਨ ਨੂੰ ਕੰਮ ਕਰਦੇ ਹੋਏ ਦੇਖਦੇ ਹਾਂ, ਅਤੇ ਤਦ ਅਸੀਂ ਜਾਣਦੇ ਹਾਂ ਕਿ ਇਹ ਅਜਿਹਾ ਹੈ। ਪਰਮੇਸ਼ੁਰ ਸਾਡੇ ਨਾਲ ਕੰਮ ਕਰ ਰਿਹਾ ਹੈ, ਚਿੰਨ੍ਹਾਂ ਨਾਲ ਵਚਨ ਨੂੰ ਪੱਕਿਆਂ ਕਰਦਾ ਹੈ! ਅਸੀਂ ਵਚਨ ਦੇ ਨਾਲ ਰਹਿੰਦੇ ਹਾਂ। ਵਚਨ ਨਤੀਜੇ ਪੈਦਾ ਕਰਦਾ ਹੈ।

163 ਉਹ ਮੂਸਾ ਦੇ ਨਾਲ ਰਹੇ। ਕਿਉਂਕਿ, ਅੱਗ ਦਾ ਥੰਮ੍ਹ, ਮੂਸਾ ਨੇ ਉਸ ਦਾ ਪਿੱਛਾ ਕੀਤਾ। ਅਤੇ ਉਹ ਮਗਰ ਗਏ। ਜਦੋਂ ਮੂਸਾ ਦੇ ਵਿਰੁੱਧ ਜਾਣਾ ਸ਼ੁਰੂ ਕੀਤਾ, ਅਤੇ ਪਰਮੇਸ਼ੁਰ ਅਤੇ ਮੂਸਾ ਦੇ ਵਿਰੁੱਧ ਹੰਗਾਮਾ ਕੀਤਾ, ਉਨ੍ਹਾਂ ਨੂੰ ਇੱਕ ਏਧਰ ਅਤੇ ਉਧਰ ਭਟਕਣਾ ਪਿਆ। ਮੁਸੀਬਤਾਂ ਆਉਂਦੀਆਂ ਹਨ। ਜ਼ਰੂਰ।

164 ਅਸੀਂ ਵਚਨ ਦੇ ਨਾਲ ਰਹਿੰਦੇ ਹਾਂ, ਅਤੇ ਵਚਨ ਚਿੰਨ੍ਹ ਪੈਦਾ ਕਰਦਾ ਹੈ। ਯਿਸੂ ਨੇ ਕਿਹਾ, “ਵਚਨ ਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ।” ਦੇਖੋ, ਇਹ ਦੇ ਨਾਲ ਰਹਿੰਦਾ ਹੈ...ਤੁਸੀਂ ਵਚਨ ਦੇ ਨਾਲ ਰਹੋ, ਵਚਨ ਚਿੰਨ੍ਹ ਪੈਦਾ ਕਰਦਾ ਹੈ। ਪਰ, ਮੂਸਾ, ਉਸਨੇ ਕੀ ਕੀਤਾ?

165 ਉਹ ਭਟਕ ਗਏ, ਅਤੇ ਉਨ੍ਹਾਂ ਨੇ ਕੀ ਕੀਤਾ? ਰਸਤੇ ਤੋਂ ਭਟਕ ਗਏ, ਅਤੇ ਉਹਨਾਂ ਦੇ ਪਾਣੀ ਦੀ ਸਪਲਾਈ ਖਤਮ ਹੋ ਗਈ।

166 ਮੈਂ ਸੋਚਦਾ ਹਾਂ ਕਿ ਕਲੀਸਿਯਾ ਨੇ ਅੱਜ ਅਜਿਹਾ ਹੀ ਕੀਤਾ ਹੈ। ਇਹ ਵਚਨ ਦੇ ਮਾਰਗ ਤੋਂ ਭਟਕ ਗਈ ਹੈ। ਉਹ ਵਾਦਾਂ ਵਿੱਚ ਚਲੇ ਗਏ ਹਨ। ਉਹ ਛੋਟੀਆਂ-ਛੋਟੀਆਂ ਚੀਜ਼ਾਂ ਵਿੱਚ ਚਲੇ ਗਏ ਹਨ ਜੋ ਉਨ੍ਹਾਂ ਨੂੰ ਨਹੀਂ ਕਰਨਾ ਚਾਹੀਦਾ। ਉਨ੍ਹਾਂ ਚੀਜ਼ਾਂ ਨੂੰ ਅਪਣਾਇਆ ਹੈ। ਉਨ੍ਹਾਂ ਨੇ ਰਸੂਲਾਂ ਦੇ ਪੰਥ ਵਰਗੀਆਂ ਚੀਜ਼ਾਂ ਨੂੰ ਅਪਣਾਇਆ ਹੈ। ਤੁਹਾਨੂੰ ਬਾਈਬਲ ਵਿਚ ਇਹ ਕਿੱਥੇ ਮਿਲਦਾ ਹੈ? ਉਨ੍ਹਾਂ ਨੇ ਧਾਰਮਿਕ ਹਿਦਾਇਤਾਂ ਨੂੰ ਅਪਣਾਇਆ ਜੋ ਉਹ ਪੜ੍ਹਦੇ ਸਨ। ਉਹਨਾਂ ਨੇ ਅਨੁਭਵ ਦੀ ਥਾਂ ਸੰਪਰਦਾਵਾਂ ਨੂੰ ਅਪਣਾਇਆ। ਉਨ੍ਹਾਂ ਨੇ ਨਵੇਂ ਸਿਰਿਓਂ ਜਨਮ ਲੈਣ ਵਾਲੇ ਅਨੁਭਵ ਦੀ ਬਜਾਏ ਹੱਥ ਮਿਲਾਉਣ ਨੂੰ ਅਪਣਾਇਆ। ਉਨ੍ਹਾਂ ਨੇ ਪਾਣੀ ਦੇ ਬਪਤਿਸਮੇ ਦੀ ਬਜਾਏ ਛਿੜਕਾਅ ਨੂੰ ਅਪਣਾਇਆ। ਉਨ੍ਹਾਂ ਨੇ ਬੁਰਾ ਰੂਪ ਅਪਣਾ ਲਿਆ, “ਪਿਤਾ, ਪੁੱਤਰ ਅਤੇ ਪਵਿੱਤਰ ਆਤਮਾ,” ਜਦੋਂ ਕਿ ਬਾਈਬਲ ਵਿਚ ਅਜਿਹੀ ਕੋਈ ਚੀਜ਼ ਨਹੀਂ ਹੈ। ਬਾਈਬਲ ਨੇ ਕਿਹਾ, “ਯਿਸੂ ਮਸੀਹ ਦੇ ਨਾਮ ਵਿੱਚ!” ਜੇ ਤੁਸੀਂ ਉਹੀ ਪਾਣੀ ਚਾਹੁੰਦੇ ਹੋ, ਤਾਂ ਸਿਰਫ ਇੱਕ

ਕੰਮ ਕਰਨਾ ਹੈ, ਦੁਬਾਰਾ ਮਾਰਗ ਤੇ ਵਾਪਸ ਆਓ। ਵਾਪਸ ਆ ਜਾਓ...ਉਸਨੇ ਗਿਆ ਨਹੀਂ ਹੈ; ਉਹ ਅਜੇ ਵੀ ਇੱਥੇ ਹੈ। ਤੁਸੀਂ ਮਸੀਹ ਦੀ ਥਾਂ ਅਕੀਦਿਆਂ ਨੂੰ ਲੈਂਦੇ ਹੋ। ਤੁਸੀਂ ਤਾਂ ਨਖਰਿਆਂ ਵੱਲ ਭਟਕ ਗਏ ਹੋ।

167 ਇੱਕ ਨੇ ਕਿਹਾ, "ਅੱਛਾ, ਮੈਂ ਇੱਕ ਮੈਥੋਡਿਸਟ ਹਾਂ।"

ਦੂਜੇ ਕਹਿੰਦੇ ਹਨ, "ਮੈਂ ਇੱਕ ਬੈਪਟਿਸਟ ਹਾਂ।"

ਤਦ, ਇਹ ਦਰਸਾਉਂਦਾ ਹੈ ਕਿ ਤੁਸੀਂ ਇੱਕ ਮਸੀਹੀ ਨਹੀਂ ਹੋ। ਅਸੀਂ ਮਸੀਹ ਦੇ ਹਾਂ! ਅਸੀਂ ਉਸ ਦੇ ਹਾਂ।

ਤੁਸੀਂ ਕਹਿੰਦੇ ਹੋ, "ਅੱਛਾ, ਜੇ, ਮੈਂ, ਇੱਕ ਬੈਪਟਿਸਟ?"

ਜੇ ਤੁਸੀਂ ਇਹੀ ਸਭ ਹੋ, ਤਾਂ ਤੁਸੀਂ ਮਸੀਹ ਦੇ ਨਹੀਂ ਹੋ, ਤੁਸੀਂ ਇੱਕ ਬੈਪਟਿਸਟ ਹੋ।

ਤੁਸੀਂ ਕਹਿੰਦੇ, "ਖੈਰ, ਮੈਂ ਪੈਂਟੇਕੋਸਟਲ ਹਾਂ।"

ਜੇ ਤੁਸੀਂ ਸੰਪਰਦਾ ਤੋਂ ਸਿਰਫ਼ ਪੈਂਟੇਕੋਸਟਲ ਹੋ, ਤਾਂ ਤੁਸੀਂ ਬੱਸ ਇਹੋ ਕੁਝ ਹੋ।

168 ਪਰ, ਜੇ ਤੁਹਾਡੇ ਕੋਲ ਪੈਂਟੇਕੋਸਟਲ ਦਾ ਅਨੁਭਵ ਹੈ! ਅਤੇ ਪੈਂਟੇਕੋਸਟਲ ਸ਼ਬਦ ਇੱਕ ਪੈਂਟੇਕੋਸਟਲ ਅਨੁਭਵ ਲਿਆਏਗਾ! ਉਹੀ ਕੰਮ ਕਰੋ ਜੋ ਉਨ੍ਹਾਂ ਚੇਲਿਆਂ ਨੇ ਕੀਤਾ ਸੀ, ਉਥੇ ਹੀ ਰਹੋ ਜਦੋਂ ਤੱਕ ਤੁਸੀਂ ਪਵਿੱਤਰ ਆਤਮਾ ਨਾਲ ਭਰ ਨਹੀਂ ਜਾਂਦੇ।

169 ਅਤੇ ਫਿਰ ਜੇ ਤੁਸੀਂ ਬਚਨ ਦੇ ਉਲਟ ਹੋ, ਤੁਹਾਡੇ ਅੰਦਰ ਉਹ ਆਤਮਾ ਵਚਨ ਦੇ ਉਲਟ ਹੋ ਜਾਂਦੀ ਹੈ, ਫਿਰ ਇਹ ਪਵਿੱਤਰ ਆਤਮਾ ਨਹੀਂ ਹੈ। ਇਹ ਸ਼ੈਤਾਨ ਪਵਿੱਤਰ ਆਤਮਾ ਦੀ ਨਕਲ ਕਰ ਰਿਹਾ ਹੈ। ਤੁਸੀਂ ਦੇਖਦੇ ਹੋ ਕਿ ਅਸੀਂ ਇਸ ਤੇ ਕਿੱਥੇ ਆ ਗਏ ਹਾਂ? ਔਹ, ਸਾਡੇ ਵਿੱਚੋਂ ਕੁਝ ਪਰਾਈਆਂ ਭਾਸ਼ਾਵਾਂ ਵਿੱਚ ਬੋਲੇ, ਅਸੀਂ ਰੌਲਾ ਪਾਇਆ ਅਤੇ ਇਸ ਤਰ੍ਹਾਂ ਦੀਆਂ ਚੀਜ਼ਾਂ ਕੀਤੀਆਂ, ਅਤੇ ਇਹਨਾਂ ਹੋਰ ਸਾਰੀਆਂ ਚੀਜ਼ਾਂ ਤੋਂ ਇਨਕਾਰ ਕੀਤਾ। ਅਸੀਂ ਉਸ ਹਰੇਕ ਚੀਜ ਨੂੰ ਜੋ ਵਚਨ ਵਿੱਚ ਨਹੀਂ ਸੀ ਕਲੀਸਿਯਾ ਵਿੱਚ ਨਹੀਂ ਆਉਣ ਦਿੱਤਾ। ਅੱਜ ਅਸੀਂ ਕਿੱਥੇ ਹਾਂ? ਅਸੀਂ ਇੱਕ ਹੋਰ ਮਾਰੂਥਲ, ਸੁੱਕੀ ਹੋਈ ਸੰਸਥਾ ਵਿੱਚ ਵਾਪਸ ਆ ਗਏ ਹਾਂ। ਅਸੀਂ ਜੱਥੇਬੰਦ ਹੋ ਕੇ, ਅਤੇ ਆਪਣਾ ਪਾਣੀ ਗੁਆ ਦਿੱਤਾ। ਇਹ ਬਿਲਕੁਲ ਉਹੀ ਹੈ ਜੋ ਪੰਤੇਕੁਸਤ ਨੇ ਕੀਤਾ ਸੀ। ਜਦੋਂ ਇਹ ਜੱਥੇਬੰਦ ਹੋਣਾ ਸ਼ੁਰੂ ਕਰਦਾ ਹੈ, ਇਹ ਸੰਗਤੀ ਨੂੰ ਤੋੜਨਾ ਸ਼ੁਰੂ ਕਰ ਦਿੰਦਾ ਹੈ, ਅਤੇ ਕਹਿੰਦਾ ਹੈ, "ਅੱਛਾ, ਹੁਣ ਅਸੀਂ ਨਹੀਂ ਇਕੱਠੇ ਨਹੀਂ ਹੋਵਾਂਗੇ, ਜੇ ਇਹ ਮੁੰਡਾ *ਇਸ* ਤੇ ਵਿਸ਼ਵਾਸ ਕਰਦਾ ਹੈ।"

170 ਅੱਗੇ ਵਧੋ, ਉਸ ਦੇ ਨਾਲ ਰਹੋ ਜਦੋਂ ਤੱਕ ਉਹ ਸੱਚ ਦੇ ਵਚਨ, ਸੱਚ ਦੇ ਗਿਆਨ ਵਿੱਚ ਨਹੀਂ ਆਉਂਦਾ। ਇਹ ਜੋ ਵੀ ਹੈ, ਇਸ ਨੂੰ ਜਾਣ ਦਿਓ, ਕਿਸੇ ਵੀ ਤਰ੍ਹਾਂ। ਬਸ ਚੱਲਦੇ ਰਹੋ, ਭਰਾਵਾਂ ਵਾਂਗ ਰਹੋ।

171 ਪਰ, ਓਹ, ਸਾਨੂੰ ਜੱਥੇਬੰਦ ਹੋਣਾ ਪਿਆ, ਅਤੇ ਕਹਿਣਾ ਪਿਆ, "ਅੱਛਾ, ਕਿਉਂਕਿ ਤੁਸੀਂ ਏਕਤਾਵਾਦੀ ਨਹੀਂ ਹੋ, ਕਿਉਂਕਿ ਤੁਸੀਂ ਦੋਵਾਦੀ ਨਹੀਂ ਹੋ, ਜਾਂ ਤਿੰਨਵਾਦੀ ਨਹੀਂ ਹੋ, ਜਾਂ *ਇਸ* ਤਰ੍ਹਾਂ, ਅਸੀਂ ਤੁਹਾਡੇ ਨਾਲ ਕੋਈ ਸੰਗਤ ਨਹੀਂ ਕਰਾਂਗੇ।" ਫਿਰ ਜਦੋਂ ਅਸੀਂ ਅਜਿਹਾ ਕਰਦੇ ਹਾਂ, ਅਸੀਂ ਕੀ ਕਰਦੇ ਹਾਂ? ਅਸੀਂ ਆਪਣੇ ਆਪ ਨੂੰ ਇੱਕ ਵਾਰ ਫਿਰ ਮਾਰੂਥਲ ਵਿੱਚ ਲੈ ਆਉਂਦੇ ਹਾਂ। ਇਹ ਠੀਕ ਹੈ!

172 ਪਰ, ਯਾਦ ਰੱਖੋ, ਜਦੋਂ ਇਜ਼ਰਾਈਲ ਵਾਅਦਾ ਕੀਤੀ ਹੋਈ ਧਰਤੀ ਵੱਲ ਜਾਣ ਵਾਲੇ ਰਸਤੇ ਤੋਂ ਭਟਕ ਗਿਆ, ਚੱਟਾਨ ਨੇ ਉਨ੍ਹਾਂ ਨੂੰ ਕਦੇ ਨਹੀਂ ਛੱਡਿਆ; ਇਹ ਉੱਥੇ ਹੀ ਰਹੀ, ਇਸੇ ਤਰ੍ਹਾਂ ਪਾਣੀ ਵੀ। ਇਸੇ ਤਰ੍ਹਾਂ ਪਵਿੱਤਰ ਆਤਮਾ ਵੀ ਉੱਥੇ ਹੀ ਠਹਿਰੀ ਹੋਈ ਹੈ। ਸਾਨੂੰ ਪਿੱਛੇ ਮੁੜਨ ਦੀ ਲੋੜ ਨਹੀਂ ਹੈ।

173 ਹੁਣ, ਪਰਮੇਸ਼ੁਰ ਇੱਥੇ ਸਾਨੂੰ ਇੱਕ ਮਹਾਨ ਗੱਲ ਸਿਖਾਉਂਦਾ ਹੈ। ਪਰਮੇਸ਼ੁਰ ਸਾਨੂੰ ਇੱਥੇ ਇੱਕ ਸਬਕ ਸਿਖਾਉਂਦਾ ਹੈ। ਮਸੀਹ ਨੂੰ ਇੱਕ ਵਾਰ ਮਾਰਿਆ ਗਿਆ ਸੀ, ਸਾਨੂੰ ਇੱਕ ਪੰਤੇਕੋਸਟਲ ਅਨੁਭਵ ਦਿੱਤਾ, ਇੱਕ ਵਾਰ, ਸਾਰਿਆਂ ਲਈ। ਹੁਣ, ਜਦੋਂ ਉਸ ਚੱਟਾਨ ਨੂੰ ਮਾਰਿਆ ਗਿਆ ਸੀ, ਇਸ ਨੂੰ ਦੁਬਾਰਾ ਮਾਰਨ ਦੀ ਲੋੜ ਨਹੀਂ ਸੀ। ਇਸ ਨੂੰ ਸਿਰਫ ਇੱਕ ਵਾਰ ਮਾਰਿਆ ਗਿਆ ਸੀ।

174 ਮੂਸਾ ਨੇ ਪ੍ਰਾਸਚਿਤ ਵਿੱਚ ਆਪਣੀ ਨਿਹਚਾ ਦੀ ਕਮਜ਼ੋਰੀ ਨੂੰ ਦਰਸਾਉਂਦੇ ਹੋਏ, ਇਸਨੂੰ ਦੂਜੀ ਵਾਰ ਮਾਰ ਕੇ ਇੱਕ ਗਲਤੀ ਕੀਤੀ। ਪਰ ਜਦੋਂ ਮਸੀਹ ਨੂੰ ਇੱਕ ਵਾਰ ਮਾਰਿਆ ਗਿਆ ਸੀ, ਅਸੀਂ ਜਾਣਦੇ ਹਾਂ ਕਿ ਉਸਨੂੰ ਦੁਬਾਰਾ ਮਾਰੇ ਜਾਣ ਦੀ ਲੋੜ ਨਹੀਂ ਸੀ। ਅੱਛਾ, ਫਿਰ ਮੂਸਾ ਕੀ ਕਰ ਰਿਹਾ ਸੀ? ਮੂਸਾ ਕੁਝ ਨਵਾਂ ਸਥਾਪਤ ਕਰ ਰਿਹਾ ਸੀ, ਨਵੀਂ ਚੀਜ਼ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਸੀ।

175 ਅਤੇ ਅੱਜ ਸਾਡੇ ਪਾਦਰੀਆਂ ਨੇ ਵੀ ਇਸੇ ਤਰ੍ਹਾਂ ਕੀਤਾ ਹੈ। ਉਨ੍ਹਾਂ ਨੇ ਕੁਝ ਨਵਾਂ ਕਰਨ ਦੀ ਕੋਸ਼ਿਸ਼ ਕੀਤੀ ਹੈ। "ਅਸੀਂ ਆਪਣੇ ਆਪ ਨੂੰ ਅਸੈਂਬਲੀਜ ਆਫ਼ ਗੋਡ ਬਣਾਵਾਂਗੇ। ਅਸੀਂ ਆਪਣੇ ਆਪ ਨੂੰ ਪੈਂਟੀਕੋਸਟਲ ਚਰਚ ਆਫ਼ ਗੌਡ ਬਣਾਵਾਂਗੇ। ਅਸੀਂ ਆਪਣੇ ਆਪ ਨੂੰ ਜਨਰਲ ਕੌਂਸਲ ਬਣਾਵਾਂਗੇ। ਅਸੀਂ ਆਪਣੇ ਆਪ ਨੂੰ *ਇਹ*, *ਉਹ*, ਜਾਂ ਕੁਝ *ਹੋਰ* ਬਣਾਵਾਂਗੇ।" ਇਹ ਉਹ ਨਹੀਂ ਹੈ ਜੋ ਪਰਮੇਸ਼ੁਰ ਨੇ ਕੀਤਾ ਹੈ। ਇਹ ਉਸਦਾ ਵਿਚਾਰ ਨਹੀਂ ਸੀ।

176 ਮਸੀਹ ਨੂੰ ਇੱਕ ਵਾਰ ਮਾਰਿਆ ਗਿਆ ਸੀ। ਇਹ ਅਸਲੀ ਅਨੁਭਵ ਹੈ।

ਇਹੀ ਅਸਲੀ ਤਰੀਕਾ ਹੈ। ਪੰਤੇਕੁਸਤ ਦੇ ਦਿਨ, ਪਤਰਸ ਨੇ ਕਿਹਾ, "ਤੁਹਾਡੇ ਵਿੱਚੋਂ ਹਰ ਇੱਕ, ਤੋਬਾ ਕਰੇ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ।"

177 "ਅਸੀਂ 'ਪਿਤਾ, ਪੁੱਤਰ, ਪਵਿੱਤਰ ਆਤਮਾ' ਦੇ ਨਾਮ ਵਿੱਚ ਛਿੜਕਦੇ ਹਾਂ, ਇਸ ਬਾਰੇ ਹਰ ਕਿਸਮ ਦੇ ਮਤ ਅਤੇ ਹੋਰ ਸਭ ਕੁਝ ਬਣਾਉਂਦੇ ਹਾਂ।" ਜਦੋਂ ਅਸੀਂ ਵਚਨ ਤੋਂ ਬਾਹਰ ਨਿਕਲਦੇ ਹਾਂ, ਤਾਂ ਕੋਈ ਹੈਰਾਨੀ ਨਹੀਂ ਕਿ ਅਸੀਂ ਕਿਤੇ ਵੀ ਨਹੀਂ ਪਹੁੰਚ ਸਕਦੇ। ਸਮਝੇ?

178 ਪਰਮੇਸ਼ੁਰ ਸਾਨੂੰ ਸਬਕ ਸਿਖਾਉਂਦਾ ਹੈ। ਮੂਸਾ ਨੂੰ ਇਹ ਨਹੀਂ ਕਹਿਣਾ ਚਾਹੀਦਾ ਸੀ, "ਹੁਣ ਅਸੀਂ ਇੱਥੇ ਕੁਝ ਨਵਾਂ ਸ਼ੁਰੂ ਕਰਾਂਗੇ, ਅਤੇ ਅਸੀਂ ਜੱਥੇਬੰਦ ਹੋਵਾਂਗੇ ਅਤੇ ਅਸੀਂ ਕੈਥੋਲਿਕ ਕਲੀਸਿਯਾ ਬਣਾਵਾਂਗੇ।" ਇਹ ਸਭ ਪਹਿਲੀ ਚੀਜ ਸੀ ਜੋ ਉਨ੍ਹਾਂ ਨੇ ਕੀਤੀ। ਨਹੀਂ, ਫਿਰ ਕੁਝ ਸਮੇਂ ਬਾਅਦ, "ਅੱਛਾ, ਅਸੀਂ ਇਸ ਤੋਂ ਕੁਝ ਨਵਾਂ ਸ਼ੁਰੂ ਕਰਾਂਗੇ, ਅਸੀਂ ਲੂਥਰਨ ਬਣਾਵਾਂਗੇ।" ਫਿਰ ਐਂਜਲੀਕਨ ਆਉਂਦੇ ਹਨ, ਅਤੇ ਫਿਰ ਬੈਪਟਿਸਟ, ਅਤੇ ਹੋਰ ਕੀ, ਅਤੇ ਕੈਂਪਬੇਲਾਈਟਸ, ਅਤੇ ਚਰਚ ਆਫ਼ ਕ੍ਰਾਇਸਟ, ਅਤੇ ਮਸੀਹ ਵਿਰੋਧੀ, ਅਤੇ ਹੋਰ ਸਾਰੀਆਂ ਚੀਜ਼ਾਂ। ਦੇਖੋ, ਉਹ ਸਾਰੇ ਇੱਕ ਤੋਂ ਬਾਅਦ ਇੱਕ, ਇੱਕ ਤੋਂ ਬਾਅਦ ਇੱਕ, ਡੇਰੇ ਅਤੇ ਸੰਸਥਾਵਾਂ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਇਹ ਨਹੀਂ ਕਰਨਾ ਸੀ। ਉੱਥੇ ਦੇਖੋ ਕਿ ਉਹ ਕੀ ਕਰ ਰਹੇ ਹਨ? ਉਹ ਚਟਾਨ ਨੂੰ ਦੁਬਾਰਾ ਮਾਰ ਰਹੇ ਹਨ, ਤਾਂ ਜੋ ਕੁਝ ਨਵਾਂ ਸ਼ੁਰੂ ਕਰਨ। ਸਾਨੂੰ ਕਿਸੇ ਨਵੇਂ ਸਿਧਾਂਤ ਦੀ ਲੋੜ ਨਹੀਂ ਹੈ।

179 ਬਾਈਬਲ ਵਿਚ ਹਰ ਆਦਮੀ ਨੂੰ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ। ਬਾਈਬਲ ਵਿਚ ਹਰੇਕ ਆਦਮੀ ਜਿਸ ਨੂੰ ਪਵਿੱਤਰ ਆਤਮਾ ਮਿਲਿਆ, ਪਰਮੇਸ਼ੁਰ ਦੇ ਤਰੀਕੇ ਨਾਲ ਆਇਆ, ਬਿਲਕੁਲ ਉਸੇ ਤਰ੍ਹਾਂ ਜਿਸ ਤਰ੍ਹਾਂ ਪਰਮੇਸ਼ੁਰ ਨੇ ਇਸ ਨੂੰ ਕਰਨ ਲਈ ਠਹਿਰਾਇਆ ਸੀ। ਉਨ੍ਹਾਂ ਨੇ ਇਹੀ ਕੰਮ ਕੀਤਾ। ਉਨ੍ਹਾਂ ਦਾ ਵੀ ਇਹੀ ਅਨੁਭਵ ਸੀ। ਉਹੀ ਨਿਸ਼ਾਨ ਉਨ੍ਹਾਂ ਦੇ ਨਾਲ ਸਨ। ਉਹੀ ਕੰਮ ਉਨ੍ਹਾਂ ਦੇ ਨਾਲ ਸਨ। ਕਿਉਂ? ਉਹ ਚੱਟਾਨ ਦੇ ਕੋਲ ਰਹਿੰਦੇ ਸਨ। ਉਨ੍ਹਾਂ ਕੋਲ ਉਹੀ ਪਾਣੀ ਸੀ।

180 ਅਤੇ, ਅੱਜ, ਉਹ ਕਾਰਨ ਕਿ ਸਾਡੇ ਕੋਲ ਬਹੁਤ ਸਾਰੇ ਪੰਥ ਅਤੇ ਸੰਪਰਦਾਵਾਂ ਹਨ, ਕਿਉਂਕਿ ਅਸੀਂ ਕੁਝ ਨਵਾਂ ਸ਼ੁਰੂ ਕਰ ਰਹੇ ਹਾਂ। ਸਾਨੂੰ ਕਿਸੇ ਵੀ ਨਵੀਂ ਚੀਜ਼ ਦੀ ਲੋੜ ਨਹੀਂ ਹੈ। ਵਾਪਸ ਜਾਓ!

181 ਮੂਸਾ ਨੂੰ ਚੱਟਾਨ ਨੂੰ ਦੁਬਾਰਾ ਨਹੀਂ ਮਾਰਨਾ ਚਾਹੀਦਾ ਸੀ, ਤਾਂ ਜੋ ਕੁਝ ਨਵਾਂ ਸ਼ੁਰੂ ਕਰੇ। ਉਸ ਨੂੰ ਉਨ੍ਹਾਂ ਨਾਲ ਗੱਲ ਕਰਨੀ ਚਾਹੀਦੀ ਸੀ, ਅਸਲ ਚਟਾਨ

ਬਾਰੇ। ਔਹ, ਮੈਨੂੰ ਉਮੀਦ ਹੈ ਕਿ ਤੁਸੀਂ ਇਹ ਸਮਝ ਗਏ ਹੋ! ਮੂਸਾ ਨੂੰ ਅਸਲੀ, ਮਾਰੀ ਗਈ ਚੱਟਾਨ ਬਾਰੇ ਗੱਲ ਕਰਨੀ ਚਾਹੀਦੀ ਸੀ; ਇਸ ਨੂੰ ਦੁਬਾਰਾ ਮਾਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸੀ, ਨਵੀਂ ਚੀਜ਼ ਸ਼ੁਰੂ ਕਰਨ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ ਸੀ, ਪਰ ਪੁਰਾਣੀ ਚੀਜ਼ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਨੀ ਚਾਹੀਦੀ ਸੀ!

182 ਪਰਮੇਸ਼ੁਰ, ਮੇਰੀ ਮਦਦ ਕਰੋ! ਭਾਵੇਂ ਮੈਂ ਇੱਕ ਕੰਗਾਲ ਹੋ ਕੇ, ਪਲਪਿਟ ਤੇ ਮਰ ਜਾਵਾਂ, ਮੈਂ ਅਸਲੀ ਚੱਟਾਨ ਦੀ ਗੱਲ ਕਰਾਂਗਾ! ਮੈਂ ਮੂਲ ਅਨੁਭਵ ਦੀ ਗੱਲ ਕਰਾਂਗਾ। ਮੈਂ ਉਨ੍ਹਾਂ ਮੂਲ ਵਚਨਾਂ ਬਾਰੇ ਗੱਲ ਕਰਾਂਗਾ ਜਿਨ੍ਹਾਂ ਨੇ ਉਨ੍ਹਾਂ ਨੂੰ ਪਵਿੱਤਰ ਆਤਮਾ ਦਾ ਬਪਤਿਸਮਾ ਦਿੱਤਾ, "ਤੁਹਾਡੇ ਵਿੱਚੋਂ ਹਰ ਇੱਕ ਤੋਬਾ ਕਰੇ ਅਤੇ ਪਾਪਾਂ ਦੀ ਮਾਫ਼ੀ ਲਈ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਵੇ, ਅਤੇ ਤੁਸੀ ਪਵਿੱਤਰ ਆਤਮਾ ਦਾ ਦਾਨ ਪਾਓਗੇ।" ਚੱਟਾਨ ਤੋਂ ਵਗਦੇ ਪਾਣੀਆਂ ਦੀ ਸਦੈਵ-ਮੌਜੂਦਗੀ ਅਜੇ ਵੀ ਸਾਡੇ ਨਾਲ ਹੈ। ਇਹ ਉਹੀ ਚੀਜ਼ ਸਾਹਮਣੇ ਲਿਆਏਗਾ। ਇਹ ਦਰਸ਼ਨਾਂ ਨੂੰ ਸਾਹਮਣੇ ਲਿਆਵੇਗਾ। ਇਹ ਤੰਦਰੁਸਤੀ ਲਿਆਏਗਾ। ਇਹ ਭਵਿੱਖਬਾਣੀਆਂ ਲਿਆਵੇਗਾ। ਇਹ ਉਸ ਹਰੇਕ ਕੰਮ ਨੂੰ ਸਾਹਮਣੇ ਲਿਆਵੇਗਾ ਜੋ ਉਹਨਾਂ ਨੇ ਕੀਤਾ ਸੀ।

183 ਜਦੋਂ ਇਜ਼ਰਾਈਲ ਦੁਬਾਰਾ ਵਚਨ ਅਨੁਸਾਰ ਕਤਾਰਬੱਧ ਹੋ ਗਿਆ, ਅਤੇ ਵਾਪਸ ਰਸਤੇ ਤੇ ਆ ਗਿਆ, ਉਹ ਵਾਅਦਾ ਕੀਤੇ ਹੋਏ ਦੇਸ਼ ਵੱਲ ਚਲੇ ਗਏ। ਪਰ ਉਹਨਾਂ ਨੂੰ ਚਾਲੀ ਸਾਲ ਲੱਗ ਗਏ।

184 ਪੰਤੇਕੁਸਤ ਨੂੰ ਉਜਾੜ ਵਿੱਚ ਭਟਕਦੇ ਹੋਏ, ਚਾਲੀ ਜਾਂ ਪੰਜਾਹ ਸਾਲ ਹੋ ਗਏ ਹਨ। ਚਟਾਨ ਕੋਲ ਵਾਪਸ ਆਓ! ਇਹ ਸਾਹਮਣੇ ਹੈ। ਇਹ ਇੱਥੇ ਹੈ, ਬਿਲਕੁਲ ਵਚਨ ਵਿੱਚ ਲਿਖਿਆ ਹੋਇਆ ਹੈ। ਪਵਿੱਤਰ ਆਤਮਾ ਇੱਥੇ ਉਹੀ ਕੰਮ ਕਰ ਰਿਹਾ ਹੈ ਜੋ ਉਸਨੇ ਹਮੇਸ਼ਾ ਕੀਤਾ ਸੀ, ਇਸ ਲਈ ਜਲ ਦੀ ਸਦੀਵੀ-ਮੌਜੂਦਗੀ ਇੱਥੇ ਹੈ। ਬਸ ਇਸ ਕੋਲ ਵਾਪਸ ਆਓ, ਪਹਿਲੇ, ਮੂਲ ਕੋਲ ਵਾਪਸ ਆਓ। ਮੁੱਢੋਂ ਇਹ ਕਿਸ ਤਰ੍ਹਾਂ ਸੀ?

185 "ਅੱਛਾ, ਉਨ੍ਹਾਂ ਨੇ ਪ੍ਰਚਾਰਕ ਨਾਲ ਹੱਥ ਮਿਲਾਇਆ"? ਅਜਿਹੀ ਕੋਈ ਗੱਲ ਨਹੀਂ। "ਉਨ੍ਹਾਂ ਨੂੰ 'ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ'? ਅਜਿਹੀ ਕੋਈ ਗੱਲ ਨਹੀਂ ਹੈ। ਬਾਈਬਲ ਵਿਚ ਕਿਤੇ ਵੀ ਕੋਈ ਵੀ ਵਿਅਕਤੀ ਨਹੀਂ ਸੀ, ਜਾਂ ਬਾਹਰ, ਬਾਈਬਲ ਤੋਂ ਬਾਹਰ ਵੀ ਤਿੰਨ ਸੌ ਸਾਲਾਂ ਤੋਂ ਕੋਈ ਨਹੀਂ ਸੀ, ਜਿਸ ਨੂੰ ਕਦੇ "ਪਿਤਾ, ਪੁੱਤਰ, ਪਵਿੱਤਰ ਆਤਮਾ" ਦੇ ਨਾਮ ਵਿੱਚ ਬਪਤਿਸਮਾ ਦਿੱਤਾ ਗਿਆ ਸੀ। ਇਹ ਕੈਥੋਲਿਕ ਧਰਮ ਹੈ, ਬਾਈਬਲ ਦਾ ਸਿਧਾਂਤ ਨਹੀਂ। ਸਮਝੇ?

186 ਉਨ੍ਹਾਂ ਕੋਲ ਪਵਿੱਤਰ ਆਤਮਾ ਸੀ। ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਸਨ। ਅੱਜ ਇਹ ਇਸ ਨੂੰ ਦੁਹਰਾਵੇਗਾ। ਉਹ ਚੱਟਾਨ ਅਜੇ ਵੀ ਓਨੀ ਹੀ ਜਿਉਂਦੀ ਹੈ ਜਿਨੀ ਇਹ ਕਦੇ ਸੀ, ਉਹ ਮਾਰੀ ਹੋਈ ਚੱਟਾਨ!

187 ਇਹ ਨਾ ਕਹੀਏ, "ਅੱਛਾ, ਹੁਣ ਤੁਸੀਂ ਆਓ ਅਤੇ ਸਾਡੇ ਪੈਂਟੇਕੋਸਟਲ ਚਰਚ ਵਿੱਚ ਸ਼ਾਮਲ ਹੋਵੋ, ਸਾਡੇ ਪੈਂਟੇਕੋਸਟਲ ਖੇਤਰਾਂ ਵਿੱਚ ਜਾਓ।" "ਨਹੀਂ, ਤੁਸੀਂ ਆਓ ਅਤੇ ਬੈਪਟਿਸਟ, ਜਾਂ ਮੈਥੋਡਿਸਟ, ਜਾਂ ਪ੍ਰੈਸਬੀਟੇਰੀਅਨ, ਜਾਂ ਕੈਥੋਲਿਕ ਵਿੱਚ ਸ਼ਾਮਲ ਹੋ ਜਾਓ।" ਉਹ ਕੀ ਹੈ? ਇਹ ਚੱਟਾਨ ਨੂੰ ਮੁੜ ਤੋਂ ਮਾਰਨਾ ਹੈ, ਕੁਝ ਨਵਾਂ ਸ਼ੁਰੂ ਕਰਨ ਦੀ ਕੋਸ਼ਿਸ਼ ਹੈ।

188 ਉਹਨਾਂ ਨੂੰ ਦੱਸੋ, "ਤੋਬਾ ਕਰੋ, ਅਤੇ ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ," ਉਨ੍ਹਾਂ ਦੇ ਪਾਪਾਂ ਦੀ ਮਾਫ਼ੀ ਲਈ, "ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ।" ਹੁਣ ਤੁਸੀਂ ਰਸਤੇ ਤੇ ਵਾਪਸ ਆ ਗਏ ਹੋ, ਵਾਪਸ ਉਸੇ ਜਲ ਕੋਲ। ਉਹੀ ਪਾਣੀ ਉਹੀ ਤਾਜ਼ਗੀ ਦੇਵੇਗਾ। ਇਹ ਸਰੀਰ ਨੂੰ ਉਹੀ ਅਰਾਮ ਦੇਵੇਗਾ। ਇਹ ਉਹੀ ਸਫਾਈ ਦੀ ਸ਼ਕਤੀ ਦੇਵੇਗਾ। ਇਹ ਉਹੀ ਚੰਗਾਈ ਦੀ ਸ਼ਕਤੀ ਦੇਵੇਗਾ। ਇਹ ਉਹੀ ਕੰਮ ਕਰੇਗਾ ਜੋ ਇਸਨੇ ਉਦੋਂ ਕੀਤਾ ਸੀ, ਜੇਕਰ ਅਸੀਂ ਸਿਰਫ ਉਸੇ ਆਤਮਾ ਵੱਲ ਵਾਪਸ ਚਲੇ ਜਾਈਏ।

189 ਅੰਗੂਰ ਦੀ ਵੇਲ ਵਿੱਚ ਦਾ ਜੀਵਨ ਅੰਗੂਰ ਪੈਦਾ ਕਰੇਗਾ। ਜੇ ਇਸ ਨੇ ਪਿਛਲੇ ਸਾਲ ਕੀਤਾ, ਤਾਂ ਇਹ ਇਸ ਸਾਲ ਵੀ ਉਹੀ ਚੀਜ਼ ਲਿਆਏਗਾ। ਇਹ ਪਰਮੇਸ਼ੁਰ ਦਾ ਨਿਯਮ ਹੈ। ਪਰਮੇਸ਼ੁਰ ਦਾ ਨਿਯਮ ਹੈ ਕਿ, ਜੇ ਇਹ ਅੰਗੂਰ ਦੀ ਵੇਲ ਹੈ, ਤਾਂ ਇਸ ਨੂੰ ਇਕੱਲੀ ਛੱਡ ਦਿਓ, ਇਹ ਅੰਗੂਰ ਪੈਦਾ ਕਰੇਗੀ। ਤੁਸੀਂ ਇਸਨੂੰ ਕਿਸੇ ਹੋਰ ਚੀਜ਼ ਨਾਲ ਅੰਦਰੂਨੀ ਨਸਲ ਦੇ ਸਕਦੇ ਹੋ, ਪਰ ਫਿਰ ਇਸ ਨੂੰ ਇਕੱਲੀ ਛੱਡ ਦਿਓ ਅਤੇ ਇਹ ਬਿਲਕੁਲ ਉਸੇ ਅੰਗੂਰਾਂ ਨੂੰ ਪੈਦਾ ਕਰਨਾ ਸ਼ੁਰੂ ਕਰ ਦੇਵੇਗੀ।

190 ਇਸ ਲਈ ਅਸੀਂ ਕਲੀਸਿਯਾ ਤੋਂ ਪੈਂਟੀਕੋਸਟਵਾਦ, ਬੈਪਟਿਸਟਵਾਦ, ਮੈਥੋਡਿਸਟਿਵਾਦ ਦੇ ਨਾਲ ਅੰਤਰ ਪ੍ਰਜਨਨ ਕਰਵਾਇਆ ਹੈ, ਪ੍ਰੈਸਬੀਟੇਰੀਅਨਵਾਦ ਦੇ ਨਾਲ, ਐਂਗਲੀਕਨਵਾਦ ਦੇ ਨਾਲ—ਨਾਲ, ਅਤੇ ਹਰ ਕਿਸਮ ਦੇ ਧਰਮ ਨਾਲ। ਤੁਸੀਂ ਇਸ ਨੂੰ ਇਕੱਲੀ ਕਿਉਂ ਨਹੀਂ ਛੱਡ ਦਿੰਦੇ? ਵੇਲ ਕੋਲ ਵਾਪਸ ਆਓ, ਇਹ ਉਸੇ ਸ਼ਕਤੀ ਵਿੱਚ ਵਾਪਸ ਆ ਜਾਵੇਗੀ। ਆਮੀਨ! ਆਮੀਨ! ਮੈਨੂੰ ਇਹ ਚੰਗਾ ਲੱਗਦਾ ਹੈ।

191 "ਕੁਝ ਨਵਾਂ ਸ਼ੁਰੂ ਕਰੋ।" ਉਹੀ ਚੀਜ਼ ਜੋ ਅਸੀਂ ਕਰਦੇ ਰਹੇ ਹਾਂ। ਆਪਣਾ ਅਧਿਕਾਰ ਦਿਖਾਉਣ ਦੀ ਕੋਸ਼ਿਸ਼ ਨਾ ਕਰੋ। "ਡਾਕਟਰ *ਫਲਾਣਾ-ਅਤੇ-ਢਿਮਕਾਣਾ* ਕਿਸੇ *ਫਲਾਣੀ-ਫਲਾਣੀ* ਕਲੀਸਿਯਾ ਦੇ *ਫਲਾਣਾ-ਅਤੇ-ਫਲਾਣਾ-*

*ਅਤੇ-ਫਲਾਣਾ* ਸੰਸਥਾਪਕ ਹਨ।" ਇਹ ਅਜਿਹਾ ਨਹੀਂ ਸੀ।

192 ਇਹੀ ਹੈ ਜੋ ਮੂਸਾ ਨੇ ਕਿਹਾ ਸੀ, "ਮੈਂ ਉਨ੍ਹਾਂ ਨੂੰ ਦਿਖਾਵਾਂਗਾ ਕਿ ਮੈਂ ਕੀ ਕਰ ਸਕਦਾ ਹਾਂ। ਮੈਂ, ਕਿਸੇ ਵੀ ਤਰ੍ਹਾਂ ਇਸ ਨੂੰ ਲੈ ਕੇ ਆਵਾਂਗਾ!" ਉਸਨੇ ਇਸਨੂੰ ਮਾਰਿਆ, ਇਹ ਨਹੀਂ ਆਇਆ। ਉਹ ਫਿਰ ਚੀਕਿਆ, "ਦਿਖਾਓ ਕਿ ਮੈਂ ਕੀ ਕਰ ਸਕਦਾ ਹਾਂ!" ਇਸ ਲਈ ਪਰਮੇਸ਼ੁਰ ਨੇ ਉਸ ਨਾਲ ਨਜਿੱਠਿਆ।

193 ਤੁਸੀਂ ਇਹ ਨਾ ਸੋਚੋ, ਕਿ ਜੇ ਤੁਸੀਂ "ਬਸ ਕਿਸੇ ਜਥੇਬੰਦੀ ਨੂੰ ਫੜ ਲਵੋ।" ਉਸ ਦੇ ਲਈ ਪਰਮੇਸ਼ੁਰ ਤੁਹਾਡੇ ਨਾਲ ਨਜਿੱਠੇਗਾ। ਇਹ ਬਿਲਕੁਲ ਸਹੀ ਹੈ। ਤੁਹਾਨੂੰ ਉਸ ਮੂਲ ਵੱਲ ਵਾਪਸ ਆਉਣਾ ਪਵੇਗਾ। ਵਾਪਸ ਆਓ।

194 ਬੱਸ ਲੋਕਾਂ ਨਾਲ ਗੱਲ ਕਰੋ। (ਉਨ੍ਹਾਂ ਨੂੰ ਇਹ ਨਾ ਦੱਸੋ, "ਤੁਸੀਂ ਆ ਕੇ ਸਾਡੀ ਕਲੀਸਿਯਾ ਵਿੱਚ ਸ਼ਾਮਲ ਹੋਵੋ। ਤੁਸੀਂ ਆ ਕੇ ਕਹਿੰਦੇ ਸਾਡਾ ਪੰਥ ਕਬੂਲ ਕਰੋ।") "ਤੁਸੀਂ ਵਾਪਸ ਆਓ ਅਤੇ ਤੋਬਾ ਕਰੋ, ਅਤੇ ਤੁਹਾਡੇ ਪਾਪਾਂ ਦੀ ਮਾਫ਼ੀ ਲਈ, ਯਿਸੂ ਮਸੀਹ ਦੇ ਨਾਮ ਵਿੱਚ ਬਪਤਿਸਮਾ ਲਓ; ਅਤੇ ਤੁਸੀਂ ਪਵਿੱਤਰ ਆਤਮਾ ਦਾ ਦਾਨ ਪਾਓਗੇ, ਜੇਕਰ ਤੁਹਾਡਾ ਦਿਲ ਸਹੀ ਹੈ ਤਾਂ। ਅਤੇ ਨਿਹਚਾ ਕਰਨ ਵਾਲਿਆਂ ਦੇ ਨਾਲ ਇਹ ਨਿਸ਼ਾਨ ਹੋਣਗੇ। ਵਿਸ਼ਵਾਸੀਆਂ ਦਾ ਇੱਕ ਝੁੰਡ, ਉਹਨਾਂ ਦੇ ਨਾਲ ਇਹ ਨਿਸ਼ਾਨ ਹੋਣਗੇ।" ਕਿਸ ਕਾਰਨ? ਚੱਟਾਨ, ਮਾਰੀ ਹੋਈ ਚੱਟਾਨ ਅਤੇ ਉਸ ਦੇ ਜੀਵਨ ਦੇ ਜਲ ਬਿਲਕੁਲ ਸਾਹਮਣੇ ਆ ਰਹੇ ਹਨ, ਉਹੀ ਚੀਜ਼ ਪੈਦਾ ਕਰ ਰਿਹਾ ਹੈ ਜੋ ਉਸਨੇ ਉੱਥੇ ਕੀਤੀ ਸੀ। ਇਹ ਇਸ ਤੋਂ ਇਲਾਵਾ ਹੋਰ ਕੁਝ ਨਹੀਂ ਕਰ ਸਕਦਾ। ਔਹ, ਹਾਂ।

195 ਅਸੀਂ ਦਿਖਾਉਣਾ ਚਾਹੁੰਦੇ ਹਾਂ, ਅਤੇ ਕਹਿੰਦੇ ਹਾਂ, "ਅਸੀਂ ਮੈਥੋਡਿਸਟ, ਅਤੇ ਬੈਪਟਿਸਟ ਹਾਂ।"

196 ਬਸ ਚੱਟਾਨ ਨਾਲ ਗੱਲ ਕਰੋ, ਉਹ ਸਦਾ-ਮੌਜੂਦ ਹੈ। ਇਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਨਾ ਕਰੋ। ਮੇਰਾ ਉੱਥੇ ਇੱਕ "ਸਮੂਹ" ਸੀ। ਇਸ ਵਿੱਚ ਸ਼ਾਮਲ ਹੋਣ ਦੀ ਕੋਸ਼ਿਸ਼ ਨਾ ਕਰੋ। ਤੁਸੀਂ ਇਸ ਵਿੱਚ ਸ਼ਾਮਲ ਨਹੀਂ ਹੋ ਸਕਦੇ, ਇਹ ਇੱਕ ਗੱਲ ਪੱਕੀ ਹੈ। ਤੁਸੀਂ ਮੈਥੋਡਿਸਟ ਵਿੱਚ ਸ਼ਾਮਲ ਹੋ ਸਕਦੇ ਹੋ, ਤੁਸੀਂ ਬੈਪਟਿਸਟ ਵਿੱਚ ਸ਼ਾਮਲ ਹੋ ਸਕਦੇ ਹੋ, ਤੁਸੀਂ ਪੈਂਟੇਕੋਸਟਲਾਂ ਵਿੱਚ ਸ਼ਾਮਲ ਹੋ ਸਕਦੇ ਹੋ, ਤੁਸੀਂ ਐਂਗਲੀਕਨਾਂ ਵਿੱਚ ਸ਼ਾਮਲ ਹੋ ਸਕਦੇ ਹੋ, ਪਰ ਤੁਸੀਂ ਇਸ ਵਿੱਚ ਸ਼ਾਮਲ ਨਹੀਂ ਹੋ ਸਕਦੇ। ਨਹੀਂ। ਤੁਹਾਨੂੰ ਇਸ ਨਾਲ ਭਰਨਾ ਪਵੇਗਾ। ਇਸ ਵਿੱਚ ਸ਼ਾਮਲ ਨਾ ਹੋਵੋ; ਬਸ ਇਸ ਨਾਲ ਭਰ ਜਾਓ। ਇਹੀ ਸਭ ਹੈ। ਇਹ ਕਿਸ ਨਾਲ ਭਰਿਆ ਹੋਇਆ ਹੈ? ਸ਼ਕਤੀ ਨਾਲ ਭਰਿਆ, ਆਤਮਾ ਨਾਲ ਭਰਿਆ, ਜੀਵਨ ਨਾਲ ਭਰਿਆ, ਅਨੰਦ ਨਾਲ ਭਰਿਆ ਹੋਇਆ ਹੈ, ਹਾਡੇ ਜੀਵਨ ਵਿੱਚ ਸ਼ਾਂਤੀ, ਧੀਰਜ, ਨਰਮਾਈ, ਭਲਿਆਈ, ਪਵਿੱਤਰ ਆਤਮਾ ਦੀ ਸ਼ਕਤੀ, ਕਿਉਂ

ਜੋ ਸਦੀਵੀ ਮੌਜੂਦਗੀ ਇੱਥੇ ਹੈ। ਯਾਦ ਰੱਖਣਾ।

ਮੈਨੂੰ ਬੰਦ ਕਰਨਾ ਪਏਗਾ ਕਿਉਂਕਿ ਦੇਰ ਹੋ ਰਹੀ ਹੈ।

197 ਪਰ, ਯਾਦ ਰੱਖੋ ਕਿ ਚਟਾਨ ਨੇ ਉਨ੍ਹਾਂ ਨੂੰ ਕਦੇ ਨਹੀਂ ਛੱਡਿਆ। ਇਸ ਨੇ ਉਨ੍ਹਾਂ ਨੂੰ ਕਦੇ ਨਹੀਂ ਛੱਡਿਆ। ਅਤੇ ਮਸੀਹ ਸਾਨੂੰ ਕਦੇ ਨਹੀਂ ਛੱਡੇਗਾ; ਮਸੀਹ ਨੇ ਕਿਹਾ, "ਮੈਂ ਹਮੇਸ਼ਾ ਤੁਹਾਡੇ ਨਾਲ ਰਹਾਂਗਾ, ਇੱਥੋਂ ਤੱਕ ਕਿ ਜਗਤ ਦੇ ਅੰਤ ਤੱਕ।" ਕੀ ਇਹ ਸਹੀ ਹੈ? ਅਤੇ ਉਹ ਚੱਟਾਨ ਹੋਰੇਬ ਤੋਂ ਲੈ ਕੇ ਨਬੋ ਤੱਕ ਉਨ੍ਹਾਂ ਦੇ ਨਾਲ ਰਹੀ। ਇਹ ਰਹੀ। ਹੇਠਾਂ ਯਰਦਨ ਤੱਕ, ਇਹ ਅਜੇ ਵੀ ਉੱਥੇ ਸੀ। ਹੇ ਪਰਮੇਸ਼ੁਰ, ਮੈਂ ਇਸਨੂੰ ਯਰਦਨ ਵਿੱਚ ਦੇਖਣਾ ਚਾਹੁੰਦਾ ਹਾਂ!

198 ਮੂਸਾ, ਜਦੋਂ ਉਹ ਯਰਦਨ ਵਿੱਚ ਸੀ, ਚੱਟਾਨ ਸਾਰੇ ਸਫ਼ਰ ਵਿੱਚ ਉਸ ਦੇ ਨਾਲ ਸੀ। ਅਤੇ ਉਹ ਉੱਥੇ ਉੱਪਰ ਖੜ੍ਹਾ ਸੀ, ਹੇਠਾਂ ਲੋਕਾਂ ਦੇ ਇੱਕ—ਇੱਕ ਝੁੰਡ ਵੱਲ ਦੇਖ ਰਿਹਾ ਸੀ ਜੋ ਪਿੱਛੇ ਹਟ ਗਏ ਸਨ ਅਤੇ ਪਰਮੇਸ਼ੁਰ ਤੋਂ ਦੂਰ ਚਲੇ ਗਏ ਸਨ। ਉਸਦਾ ਦਿਲ ਉਹਨਾਂ ਲਈ ਤੜਫ ਰਿਹਾ ਸੀ। ਅਤੇ ਉਸਨੇ ਯਰਦਨ ਵੱਲ ਦੇਖਿਆ। ਉੱਥੇ ਉਹ ਯਰਦਨ ਉੱਤੇ ਸੀ। ਮੈਂ ਆਤਮਿਕ ਯਰਦਨ ਬਾਰੇ ਗੱਲ ਕਰ ਰਿਹਾ ਹਾਂ। ਅਤੇ ਉਹ ਉੱਥੇ ਹੀ ਖੜ੍ਹਾ ਸੀ, ਮੌਤ ਉਸਦੀ ਆਸਤੀਨ ਉੱਤੇ ਆ ਰਹੀ ਸੀ। ਪਰ ਉਸ ਨੇ ਦੇਖਿਆ, ਉੱਥੇ ਉਸ ਦੇਣ ਨਾਲ ਹੀ ਪਈ ਸੀ ਅਤੇ ਉਹ ਚੱਟਾਨ ਉੱਥੇ ਹੀ ਪਈ ਸੀ। ਉਸਨੇ ਬਸ ਚੱਟਾਨ ਤੇ ਕਦਮ ਰੱਖਿਆ ਹੀ ਸੀ, ਅਤੇ ਦੂਤ ਆਏ ਹਨ, ਅਤੇ ਉਸ ਨੂੰ ਉੱਥੋਂ ਲੈ ਗਏ।

199 "ਮੈਂ ਨਾ ਤੈਨੂੰ ਕਦੇ ਛੱਡਾਂਗਾ ਅਤੇ ਨਾ ਹੀ ਤੈਨੂੰ ਤਿਆਗਾਂਗਾ।" ਵਕਤ ਕਿੰਨਾ ਵੀ ਔਖਾ ਹੋ ਜਾਵੇ, ਅਸੀਂ ਕਿੰਨੇ ਵੀ ਬੁੱਢੇ ਹੋ ਜਾਈਏ, ਅਸੀਂ ਕਿਹੋ ਜਿਹੀ ਮੌਤ ਮਰਦੇ ਹਾਂ, ਯਾਦ ਰੱਖਣਾ, ਚੱਟਾਨ ਯਰਦਨ ਕੋਲ ਹੋਵੇਗੀ। ਇਹ ਨਾ ਕਦੇ ਛੱਡੇਗੀ ਅਤੇ ਨਾ ਕਦੇ ਤਿਆਗੇਗੀ। ਬਸ ਇਸ ਗੱਲ ਨੂੰ ਯਾਦ ਰੱਖਣਾ। ਚੱਟਾਨ ਤੋਂ ਜਲ ਦੀ ਸਦੀਵੀ-ਮੌਜੂਦਗੀ ਸਾਡੇ ਨਾਲ ਜੀਵਨ ਭਰ, ਅਤੇ ਇੱਥੋਂ ਤੱਕ ਕਿ ਯਰਦਨ ਤਕ ਵੀ ਰਹੇਗੀ।

200 ਆਓ ਆਪਣੇ ਸਿਰ ਝੁਕਾਈਏ। [ਇੱਕ ਭਾਈ ਅੰਗਮ ਵਾਕ ਬੋਲਦਾ ਹੈ—ਸੰਪਾ.]

201 ਜਦ ਉਹ ਆਤਮਾ ਸਾਡੇ ਵਿੱਚ ਘੁੰਮ ਰਿਹਾ ਹੈ, ਪਰਮੇਸ਼ਰ ਦਾ ਆਤਮਾ ਸਾਡੇ ਵਿੱਚ ਘੁੰਮ ਰਿਹਾ ਹੈ, ਕੀ ਅੱਜ ਸਵੇਰੇ ਇੱਥੇ ਉਹ ਲੋਕ ਹੋਣਗੇ ਜੋ ਮਸੀਹ ਨੂੰ ਨਹੀਂ ਜਾਣਦੇ, ਅਤੇ ਤੁਸੀਂ—ਤੁਸੀਂ ਉਸ ਚੱਟਾਨ ਦੇ ਨੇੜੇ ਨਹੀਂ ਹੋ, ਅੱਜ ਸਵੇਰੇ ਇਸ ਨਾਲ ਬੋਲਚਾਲ ਨਹੀਂ ਕਰ ਸਕਦੇ? ਪਰ ਤੁਸੀਂ ਜਾਣਦੇ ਹੋ ਕਿ ਇਹ ਮੌਜੂਦ ਹੈ। ਇਸ ਨੂੰ ਹਰ ਜਗ੍ਹਾ ਕੰਮ ਕਰਦੇ ਹੋਏ ਦੇਖੋ, ਉਸਨੂੰ ਮੰਡਰਾਉਂਦਾ ਹੋਇਆ ਦੇਖੋ, ਇਸਨੂੰ ਲੋਕਾਂ ਉੱਤੇ ਮੰਡਰਾਉਂਦਾ ਹੋਇਆ ਦੇਖੋ। ਇਹ ਜਲ ਦੀ

ਸਦਾ-ਮੌਜੂਦਗੀ ਹੈ। ਇਹ ਮੁਕਤੀ ਹੈ। ਇਹ ਉਹ ਆਤਮਾ ਹੈ ਜੋ ਉਨ੍ਹਾਂ ਦੇ ਪਿਆਲਿਆਂ ਨੂੰ ਅਜਿਹੇ ਥਾਂ ਤੇ ਲੈ ਆਉਂਦੀ ਹੈ ਜਦੋਂ ਤੱਕ ਉਹ ਚੁੱਪ ਨਹੀਂ ਰਹਿ ਸਕਦੇ, ਕੁਝ ਤਾਂ ਅੱਗੇ ਆਉਣਾ ਹੀ ਹੈ। ਅਤੇ ਤੁਸੀਂ ਉਸਨੂੰ ਨਹੀਂ ਜਾਣਦੇ, ਕੀ ਤੁਸੀਂ ਆਪਣਾ ਹੱਥ ਉਠਾਉਣਾ ਚਾਹੁੰਦੇ ਹੋ ਅਤੇ ਕਹਿਣਾ ਚਾਹੁੰਦੇ ਹੋ, "ਮੇਰੇ ਲਈ ਪ੍ਰਾਰਥਨਾ ਕਰੋ, ਭਾਈ ਬ੍ਰਨਹਾਮ। ਮੈਂ ਹੁਣ ਉਸਨੂੰ ਜਾਣਨਾ ਚਾਹੁੰਦਾ ਹਾਂ। ਅਤੇ ਮੈਂ ਉਸ ਨਾਲ ਗੱਲ ਕਰਨਾ ਚਾਹੁੰਦਾ ਹਾਂ, ਅਤੇ ਮੈਂ ਉਸਨੂੰ ਉਸਦੀ ਆਤਮਾ ਦੀ ਸੰਪੂਰਨਤਾ ਵਿੱਚ ਜਾਣਨਾ ਚਾਹੁੰਦਾ ਹਾਂ। ਮੈਂ ਜਾਣਨਾ ਚਾਹੁੰਦਾ ਹਾਂ ਕਿ ਉਹ ਹਰ ਸਮੇਂ ਮੇਰੇ ਨਾਲ ਹੈ। ਮੈਨੂੰ ਵਿਸ਼ਵਾਸ ਹੈ ਕਿ ਉਹ ਹੈ। ਪਰ ਮੈਂ ਉਸ ਨਾਲ ਬੋਲਣਾ ਚਾਹੁੰਦਾ ਹਾਂ। ਅਤੇ ਮੈਂ ਪਿਆਸਾ ਹਾਂ, ਅਤੇ ਮੈਂ ਪਰਮੇਸ਼ੁਰ ਲਈ ਭੁੱਖਾ ਹਾਂ। ਮੈਂ ਉਸਨੂੰ ਬਿਹਤਰ ਤਰੀਕੇ ਨਾਲ ਜਾਣਨਾ ਚਾਹੁੰਦਾ ਹਾਂ"?

202 ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। ਅਤੇ ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਸ਼੍ਰੀ ਮਾਨ। ਅਤੇ ਤੁਸੀਂ, ਭਾਈ। ਤੁਸੀਂ, ਹਾਂ, ਜੋ ਪਿੱਛੇ ਹਨ। ਉੱਥੇ, ਔਰਤ, ਹਾਂ। ਹਾਂ, ਔਰਤ। ਅਸੀਂ ਤੁਹਾਡੇ ਹੱਥ ਵੇਖਦੇ ਹਾਂ, ਅਤੇ ਪਰਮੇਸ਼ੁਰ ਉਨ੍ਹਾਂ ਨੂੰ ਵੇਖਦਾ ਹੈ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਨੌਜਵਾਨ ਆਦਮੀ। ਪਰਮੇਸ਼ੁਰ ਤੁਹਾਨੂੰ ਅਸੀਸ ਦਵੇ। ਅਤੇ ਤੁਸੀਂ, ਔਰਤ। ਆਮੀਨ। ਪਰਮੇਸ਼ੁਰ ਤੁਹਾਨੂੰ ਅਸੀਸ ਦਵੇ। ਤੁਹਾਨੂੰ ਅਸੀਸ ਦਵੇ, ਭੈਣ। ਹੁਣ ਕੋਈ ਹੋਰ, ਖਮੋਸ਼ ਪਲ ਵਿੱਚ। ਪਰਮੇਸ਼ੁਰ ਤੁਹਾਨੂੰ ਅਸੀਸ ਦੇਵੇ, ਉੱਥੇ ਪਿਛਾਂਹ, ਨੌਜਵਾਨ ਸਾਥੀ।

203 ਇਸ ਬਾਰੇ ਸੋਚੋ। ਇਸ ਬਾਰੇ ਸੋਚੋ, ਚੱਟਾਨ ਤੋਂ ਜਲ ਦੀ ਸਦਾ-ਮੌਜੂਦਗੀ, ਉਹੀ ਆਤਮਾ; ਕਿ ਨਿਆਂ ਦੇ ਦਿਨ ਉਸਨੇ ਉਸ ਲਈ ਪੁਕਾਰਿਆ, ਜਦੋਂ ਉਸ ਨੇ ਸਾਡਾ ਨਿਆਂ ਲੈ ਲਿਆ। ਅਤੇ ਪਰਮੇਸ਼ੁਰ ਦੇ ਕ੍ਰੋਧ ਦੀ ਲਾਠੀ ਉਸ ਨੂੰ ਵੱਜੀ, ਅਤੇ ਤੁਹਾਡੇ ਪਾਪ ਉਸ ਲਾਠੀ ਨਾਲ ਲਪੇਟੇ ਹੋਏ ਸਨ, ਅਤੇ ਉਸਨੂੰ ਮਾਰਿਆ, ਅਤੇ ਉਸਦਾ ਲਹੂ ਅਤੇ ਪਾਣੀ ਉਸ ਵਿੱਚੋਂ ਵਗਿਆ। ਉਸ ਨੇ ਕਿਹਾ, "ਪਿਤਾ, ਮੈਂ ਆਪਣੀ ਆਤਮਾ ਤੁਹਾਡੇ ਹੱਥਾਂ ਵਿੱਚ ਸੌਂਪਦਾ ਹਾਂ।" ਅਤੇ ਪੰਤੇਕੁਸਤ ਦੇ ਦਿਨ, ਇਹ ਸਫ਼ਰ ਵਿੱਚ ਸਾਡੇ ਨਾਲ ਚੱਲਣ ਲਈ ਆਇਆ ਹੈ। ਅਤੇ ਇਹ ਹੁਣ ਬਹੁਤ ਨੇੜੇ ਹੈ।

204 ਕੀ ਤੁਸੀਂ ਕਹਿਣਾ ਨਹੀਂ ਚਾਹੋਗੇ, "ਮੈਂ ਘਰ ਤੋਂ ਦੂਰ ਭਟਕ ਗਿਆ ਹਾਂ, ਪ੍ਰਭੂ, ਮੈਂ ਘਰ ਆ ਰਿਹਾ ਹਾਂ"? ਜਦੋਂ ਅਸੀਂ ਇਹ ਗਾਉਂਦੇ ਹਾਂ, ਕੀ ਤੁਸੀਂ ਜਗਵੇਦੀ ਤੱਕ ਆਉਣਾ ਚਾਹੋਗੇ ਅਤੇ ਮਸੀਹ ਨੂੰ ਆਪਣੀ ਆਤਮਾ ਨੂੰ ਦੁਬਾਰਾ ਸਮਰਪਿਤ ਕਰੋਗੇ? ਆਮੀਨ।

> ਮੈਂ ਪਰਮੇਸ਼ੁਰ ਤੋਂ ਦੂਰ ਭਟਕ ਗਿਆ ਸਾਂ, (ਮਾਰਗ ਤੋਂ ਦੂਰ।)

ਹੁਣ ਮੈਂ ਘਰ ਆ ਰਿਹਾ ਹਾਂ;
ਬਹੁਤ ਲੰਮਾ ਪੈਂਡਾ ਮੈਂ ਗਾਹਿਆ ਹੈ, (ਅਵਿਸ਼ਵਾਸ ਦਾ,
ਤੁਸੀਂ ਸਮਝੇ।)
ਪ੍ਰਭੂ, ਮੈਂ ਘਰ ਆ ਰਿਹਾ ਹਾਂ।

ਘਰ ਆ ਰਿਹਾ ਹਾਂ, ਘਰ ਆ ਰਿਹਾ ਹਾਂ,
ਦੁਬਾਰਾ ਕਦੇ ਨਹੀਂ ਭਟਕਾਂਗਾ;
ਆਪਣੀਆਂ ਪਿਆਰ ਦੀਆਂ ਬਾਹਾਂ ਨੂੰ ਖੋਲੋ,
ਹੁਣ, ਪ੍ਰਭੂ, ਮੈਂ ਘਰ ਆ ਰਿਹਾ ਹਾਂ।

205 [ਭਾਈ ਬ੍ਰਾਨਹਮ ਗੁਣਗੁਣਾਉਂਦੇ ਹਨ *ਪ੍ਰਭੂ, ਮੈਂ ਘਰ ਆ ਰਿਹਾ ਹਾਂ*—ਸੰਪਾ.]

206 ਤਿੰਨ ਛੋਟੇ ਮੁੰਡੇ ਬਾਹਰ ਨਿਕਲੇ ਹਨ, ਬਹੁਤ ਤੇਜ਼, ਉਹਨਾਂ ਦੀਆਂ ਅੱਖਾਂ ਵਿੱਚ ਹੰਝੂ, ਜਗਵੇਦੀ ਦੇ ਕੋਲ ਗੋਡੇ ਟੇਕੇ ਹੋਏ ਹਨ। ਬੇਸ਼ੱਕ, ਉਹਨਾਂ ਨੂੰ ਮਾਫ਼ ਕਰ ਦਿੱਤਾ ਗਿਆ ਹੈ। ਉਨ੍ਹਾਂ ਨੂੰ ਆਪਣੀਆਂ ਸੀਟਾਂ ਛੱਡਣ ਤੋਂ ਪਹਿਲਾਂ ਹੀ ਮਾਫ਼ ਕਰ ਦਿੱਤਾ ਗਿਆ ਸੀ, ਜਦੋਂ ਉਨ੍ਹਾਂ ਦਾ ਛੋਟਾ ਜਿਹਾ ਮਨ ਬਣ ਗਿਆ ਸੀ। ਉਹ ਬੱਸ ਅੱਗੇ ਆਏ ਹਨ ਅਤੇ ਇੱਥੇ ਗੋਡੇ ਟੇਕ ਦਿੱਤੇ ਹਨ, ਤਾਂ ਜੋ ਲੋਕ ਇਹ ਜਾਣ ਲੈਣ, ਕਿ ਅੱਜ ਸਵੇਰੇ ਉਹ ਕਿਸ ਦੇ ਪੱਖ ਵਿੱਚ ਹਨ।

207 ਮੈਂ ਸੋਚਦਾ ਹਾਂ ਕਿ ਕੁਝ ਵੱਡੇ ਲੋਕ ਅਜਿਹਾ ਕਰਨਾ ਪਸੰਦ ਕਰਨਗੇ, ਜਿਵੇਂ ਗੋਡੇ ਟੇਕਣਾ, ਅਤੇ ਕਹਿਣਾ, "ਪ੍ਰਭੂ, ਮੈਂ—ਮੈਂ ਰਸਤੇ ਤੋਂ ਬਹੁਤ ਦੂਰ ਭਟਕ ਗਿਆ ਹਾਂ। ਮੈਨੂੰ ਬਹੁਤ ਸ਼ੱਕ ਸੀ, ਅਤੇ ਕਈ ਵਾਰ ਮੈਂ ਬਾਹਰ ਭਟਕ ਜਾਂਦਾ ਹਾਂ ਅਤੇ ਪਾਪ ਵਿੱਚ ਪੈ ਜਾਂਦਾ ਹਾਂ। ਹੁਣ ਮੈਂ—ਮੈਂ ਵਾਪਸ ਆਉਣਾ ਚਾਹੁੰਦਾ ਹਾਂ ਇਸ ਤੋਂ ਪਹਿਲਾਂ ਕਿ ਬਹੁਤ ਦੇਰ ਹੋ ਜਾਵੇ। ਪਰਮੇਸ਼ੁਰ, ਮੈਂ—ਮੈਂ ਆਉਣਾ ਚਾਹੁੰਦਾ ਹਾਂ। ਮੈਂ ਸੱਚਮੁੱਚ ਆ ਕੇ ਗੋਡੇ ਟੇਕਣਾ ਚਾਹੁੰਦਾ ਹਾਂ।" ਆਮੀਨ।

208 ਹੁਣ, ਆਰਥਰ ਬੀਮ ਦੀਆਂ ਤਿੰਨ ਛੋਟੀਆਂ ਕੁੜੀਆਂ, ਲਗਭਗ ਇੱਕੋ ਜਿਹੀਆਂ, ਉਹ ਇੱਥੇ ਆਇਆਂ ਹਨ, ਗੋਡੇ ਟੇਕ ਦਿੱਤੇ ਹਨ।

209 ਅੱਗੇ ਆ ਰਹੀ ਹੈ ਇੱਕ ਛੋਟੀ ਜਿਹੀ ਲੜਕੀ ਜਿਸਦੇ ਘਰ ਘਰ ਵਿੱਚ ਇੱਕ ਛੋਟਾ ਜਿਹਾ ਨਵਾਂ ਜੰਮਿਆ ਭਰਾ ਹੈ। ਉਸ ਦਿਨ ਮੈਂ ਬੱਸ ਬੈਠਾ ਹੋਇਆ ਸੀ; ਸ਼੍ਰੀਮਤੀ ਵੁੱਡ ਨੇ ਆ ਕੇ ਮੈਨੂੰ ਦੱਸਿਆ, ਕਿਹਾ ਇਹ ਭੈਣ ਬੱਚੇ ਨੂੰ ਲੈਣ ਲਈ ਹਸਪਤਾਲ ਜਾ ਰਹੀ ਸੀ। ਪਵਿੱਤਰ ਆਤਮਾ ਨੇ ਕਿਹਾ, "ਉਨ੍ਹਾਂ ਨੂੰ ਜਾ ਕੇ ਦੱਸੋ ਕਿ ਇਹ ਲੜਕਾ ਹੋਵੇਗਾ।" ਜਦੋਂ ਇਹ ਪੈਦਾ ਹੋਇਆ, ਤਾਂ ਇਹ ਇੱਕ ਛੋਟਾ ਲੜਕਾ ਸੀ।

210 ਅੱਜ ਸਵੇਰੇ ਲੱਗਦਾ ਹੈ ਕਿ ਬੱਚੇ, ਭੈਣ ਅਰਨੋਲਡ ਦੀ ਛੋਟੀ ਜਮਾਤ ਤੋਂ ਬਾਹਰ ਆ ਰਹੇ ਛੋਟੇ ਸਾਥੀ, ਆਪਣੀਆਂ ਜ਼ਿੰਦਗੀਆਂ ਨੂੰ ਸਮਰਪਿਤ ਕਰ ਰਹੇ ਰਹੇ ਹਨ। ਮੇਰੇ ਸੱਜੇ ਪਾਸੇ, ਸਾਰੀ ਜਗਵੇਦੀ, ਛੋਟੇ ਬੱਚਿਆਂ ਨਾਲ ਭਰੀ ਹੋਈ ਹੈ।

211 ਇਹ ਚੰਗਾ ਹੋਵੇਗਾ ਜੇਕਰ ਅਸੀਂ ਇੱਕ ਭਜਨ ਗਾਈਏ, ਵੇਦੀ ਲਈ, ਬਾਕੀ ਲੋਕਾਂ, ਬਾਲਗਾਂ ਲਈ।

> ਹੁਣ, ਪ੍ਰਭੂ, ਮੈਂ ਘਰ ਆ ਰਿਹਾ ਹਾਂ।
> ਘਰ ਆ ਰਿਹਾ ਹਾਂ...(...?...)
> ਦੁਬਾਰਾ ਕਦੇ ਭਟਕਣ ਲਈ ਨਹੀਂ;
> ਆਪਣੀਆਂ ਪਿਆਰ ਦੀਆਂ ਬਾਹਾਂ ਨੂੰ ਫੈਲਾਓ,
> ਹੁਣ, ਪ੍ਰਭੂ, ਮੈਂ ਘਰ ਆ ਰਿਹਾ ਹਾਂ।

212 ਆਉ ਇਹਨਾਂ ਛੋਟੇ ਸਾਥੀਆਂ ਲਈ, ਪ੍ਰਾਰਥਨਾ ਲਈ, ਇੱਕ ਪਲ ਲਈ ਸਿਰ ਝੁਕਾਈਏ।

213 ਸਵਰਗੀ ਪਿਤਾ, ਜੇ ਕੋਈ ਆਉਣ ਵਾਲਾ ਕੱਲ੍ਹ ਹੈ, ਜੇ ਯਿਸੂ ਹੋਰ ਦਸ ਜਾਂ ਪੰਦਰਾਂ ਸਾਲਾਂ ਲਈ ਰੁਕੇਗਾ, ਇਹ ਉਹ ਮੁੰਡੇ ਅਤੇ ਕੁੜੀਆਂ ਹੋਣਗੇ ਜੋ ਆਉਣ ਵਾਲੀਆਂ ਪੀੜ੍ਹੀਆਂ ਤੱਕ ਇਸ ਸੰਦੇਸ਼ ਨੂੰ ਲਿਜਾਣਗੇ। ਮੇਰੇ ਮਨ ਵਿੱਚ ਕੋਈ ਸ਼ੱਕ ਨਹੀਂ, ਪ੍ਰਭੂ, ਪਰ ਉਨ੍ਹਾਂ ਦੇ ਜੀਵਨ ਦੇ ਸਾਰੇ ਦਿਨ ਉਹ ਇਸ ਵੇਦੀ ਤੇ ਆਉਣ ਬਾਰੇ ਯਾਦ ਰੱਖਣਗੇ। ਅਤੇ ਉਹ ਛੋਟੇ ਗਹਿਣੇ ਹਨ, ਪ੍ਰਭੂ। ਉਨ੍ਹਾਂ ਦੇ ਜਵਾਨ ਅਤੇ ਕੋਮਲ ਛੋਟੇ ਦਿਲ ਅੱਜ ਸਵੇਰੇ ਦੋਸ਼ੀ ਹਨ। ਸਾਰਾ ਸੰਦੇਸ਼ ਵੀ ਨਹੀਂ ਸੁਣਿਆ; ਸਾਡੀ ਭੈਣ ਅਰਨੋਲਡ ਨੂੰ ਬੋਲਦਿਆਂ ਸੁਣ ਕੇ, ਕਮਰੇ ਤੋਂ ਬਾਹਰ ਆਏ ਹਨ; ਇੱਥੇ ਜਗਵੇਦੀ ਦੇ ਆਲੇ-ਦੁਆਲੇ ਆਏ ਹਨ, ਤੁਹਾਨੂੰ ਆਪਣੀਆਂ ਛੋਟੀਆਂ ਜਿੰਦਗੀਆਂ ਸਮਰਪਿਤ ਕਰ ਰਹੇ ਹਨ।

214 ਹੁਣ, ਪਿਤਾ, ਮੈਂ ਹੁਣੇ ਹੀ ਇਹ ਬੋਲਿਆ ਹੈ ਕਿ ਸਾਡੇ ਵਿੱਚ ਪਵਿੱਤਰ ਆਤਮਾ ਨਿਵਾਸ ਕਰਦਾ ਹੈ। ਅਤੇ ਇਹ ਪਵਿੱਤਰ ਆਤਮਾ, ਇਸ ਆਤਮਾ ਨਾਲ ਵਿਸ਼ਵਾਸ, ਸਭ ਕੁਝ ਕਰਦਾ ਹੈ। ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਸ ਘੜੀ, ਤੁਸੀਂ ਹਰ ਪਾਪ ਨੂੰ ਮਾਫ਼ ਕਰ ਦਿਓਗੇ ਜੋ ਉਨ੍ਹਾਂ ਨੇ ਕੀਤਾ ਹੈ। ਅਤੇ ਮੈਂ ਤੁਹਾਡੇ ਤੋਂ ਮੰਗਦਾ ਹਾਂ, ਉਸ ਸਾਰੇ ਵਿਸ਼ਵਾਸ ਨਾਲ ਜੋ ਮੇਰੇ ਦਿਲ ਵਿੱਚ ਹੈ, ਕਿ ਤੁਸੀਂ ਉਨ੍ਹਾਂ ਦੀਆਂ ਛੋਟੀਆਂ ਜ਼ਿੰਦਗੀਆਂ ਦੀ ਮਾਰਗ ਵਿੱਚ ਰਾਖੀ ਕਰੋਗੇ। ਹੋਣ ਦੇ ਕਿ ਉਹ ਕਦੇ ਵੀ ਰਾਹ ਤੋਂ ਨਾ ਭਟਕਣ।

215 ਇਹ ਸੱਚਮੁੱਚ ਇੱਕ ਅਜੀਬ ਗੱਲ ਹੈ। ਆਤਮਾ ਨੇ ਅੱਜ ਸਵੇਰੇ ਕਿਹਾ ਸੀ, ਅਸੀਂ "ਕੁਝ ਅਜੀਬ ਦੇਖਾਂਗੇ।" ਪਰਮੇਸ਼ੁਰ, ਜੇ ਤੁਸੀਂ ਦੂਜਿਆਂ ਨਾਲ ਪੇਸ਼

ਆਉਣਾ ਛੱਡ ਦਿੱਤਾ ਹੈ, ਤਾਂ ਛੋਟੇ ਬੱਚਿਆਂ ਨੂੰ ਲਓ। ਕਿਵੇਂ ਅੱਜ ਸਵੇਰੇ, ਵੇਦੀ ਦੇ ਪੁਕਾਰ ਵਿੱਚ, ਇੱਕ ਵੀ ਬਾਲਗ ਨਹੀਂ ਹੈ, ਪਰ ਛੋਟੇ ਬੱਚਿਆਂ ਦਾ ਪੂਰਾ ਝੁੰਡ ਆਇਆ ਹੈ। ਹਾਲਾਂਕਿ, ਬਾਲਗਾਂ ਲਈ ਵੀ, ਇਹ ਮੁਸ਼ਕਿਲ ਨਾਲ ਸਮਝ ਆਉਣ ਵਾਲਾ ਇੱਕ ਮਹਾਨ ਸੰਦੇਸ਼ ਸੀ, ਪਰ ਬੱਚਿਆਂ ਨੇ ਇਸਦੀ ਆਤਮਾ ਨੂੰ ਫੜ ਲਿਆ ਹੈ। ਅਸੀਂ ਉਨ੍ਹਾਂ ਲਈ ਤੁਹਾਡਾ ਧੰਨਵਾਦ ਕਰਦੇ ਹਾਂ, ਪਿਤਾ। ਮੈਂ ਉਨ੍ਹਾਂ ਨੂੰ ਤੁਹਾਡੇ ਅੱਗੇ ਸਮਰਪਿਤ ਕਰਦਾ ਹਾਂ, ਤੁਹਾਡਾ ਸੇਵਕ ਹੋਣ ਦੇ ਨਾਤੇ, ਇਸ ਸਭਾ ਦੇ ਇਨਾਮ ਦੇ ਤੌਰ ਤੇ; ਕਿਉਂਕਿ, ਇਹ ਯਾਦ ਰੱਖਣਾ ਕਿ ਜਦੋਂ ਤੱਕ ਉਹ ਜਿਉਂਦੇ ਹਨ ਜੀਵਨ ਦੇ ਜਲ ਦੀ ਸਦਾ-ਮੌਜੂਦਗੀ ਉਨ੍ਹਾਂ ਦੇ ਨਾਲ ਵਹਿੰਦੀ ਰਹੇਗੀ। ਜੋ ਹੋ ਰਿਹਾ ਹੈ ਉਨ੍ਹਾਂ ਨੂੰ ਹੁਣ ਇਸ ਗੱਲ ਤੇ ਵਿਸ਼ਵਾਸ ਹੋਵੇ, ਕਿ ਪਰਮੇਸ਼ੁਰ ਨੇ ਉਨ੍ਹਾਂ ਨੂੰ ਸੀਟ ਤੋਂ ਖਿੱਚਿਆ ਅਤੇ ਉਨ੍ਹਾਂ ਨੂੰ ਇੱਥੇ ਭੇਜਿਆ ਹੈ, ਉਹ ਆਪਣੀ ਜ਼ਿੰਦਗੀ ਦੇ ਸਾਰੇ ਦਿਨ ਉਸ ਪਰਮੇਸ਼ੁਰ ਵਿੱਚ ਵਿਸ਼ਵਾਸ ਰੱਖਣ। ਉਹਨਾਂ ਦੀ ਮੌਤ ਦੇ ਦਿਨ ਉਹਨਾਂ ਦੀਆਂ ਛੋਟੀਆਂ ਆਤਮਾਵਾਂ ਤੁਹਾਡੇ ਕੋਲ ਲਿਆਂਦੀਆਂ ਜਾਣ; ਪੁਨਰ-ਉਥਾਨ ਦੇ ਦਿਨ ਵਿੱਚ ਉਨ੍ਹਾਂ ਦੇ ਸਰੀਰ ਵਿੱਚ ਵਾਪਸ ਲਿਆਂਦੀਆਂ ਜਾਣ। ਉਹ ਤੇਰੇ ਹਨ, ਪਿਤਾ। ਅਸੀਂ ਉਨ੍ਹਾਂ ਨੂੰ ਯਿਸੂ ਦੇ ਨਾਮ ਦੁਆਰਾ ਤੁਹਾਨੂੰ ਦਿੰਦੇ ਹਾਂ।

216 ਜਦ ਸਾਡੇ ਸਿਰ ਝੁਕੇ ਹੋਏ ਹਨ। ਮੈਂ ਇਨ੍ਹਾਂ ਸਾਰੇ ਛੋਟੇ ਬੱਚਿਆਂ ਨੂੰ ਪੁੱਛਣ ਜਾ ਰਿਹਾ ਹਾਂ ਜਿਹੜੇ ਜਗਵੇਦੀ ਤੇ ਹਨ, ਜੋ ਵਿਸ਼ਵਾਸ ਕਰਦੇ ਹਨ ਕਿ ਯਿਸੂ ਤੁਹਾਡਾ ਮੁਕਤੀਦਾਤਾ ਹੈ ਅਤੇ ਉਹ ਹੈ ਜਿਸਨੇ ਤੁਹਾਨੂੰ ਦੱਸਿਆ, ਉੱਥੇ ਸ਼ਰੋਤਿਆਂ ਵਿੱਚ, ਇੱਥੇ ਆਉਣ ਲਈ ਅਤੇ ਇਸ ਜਗਵੇਦੀ ਦੇ ਦੁਆਲੇ ਗੋਡੇ ਟੇਕਣ ਲਈ। ਕੀ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਤੁਹਾਨੂੰ ਪਿਆਰ ਕਰਦਾ ਹੈ ਅਤੇ ਤੁਹਾਡੇ ਪਾਪ ਮਾਫ਼ ਕਰਦਾ ਹੈ? ਮੈਂ ਚਾਹੁੰਦਾ ਹਾਂ ਕਿ ਤੁਸੀਂ ਸਾਰੇ ਆਪਣੇ ਪੈਰਾਂ ਤੇ ਖੜ੍ਹੇ ਹੋਵੋ ਅਤੇ ਇੱਥੇ ਸ਼ਰੋਤਿਆਂ ਵੱਲ ਵੇਖੋ। ਇਹ, ਇਸ ਤਰੀਕੇ ਨਾਲ ਤੁਸੀਂ ਲੋਕਾਂ ਨੂੰ ਦੱਸ ਸਕਦੇ ਹੋ ਕਿ ਤੁਸੀਂ ਵਿਸ਼ਵਾਸ ਕਰਦੇ ਹੋ ਕਿ ਯਿਸੂ ਤੁਹਾਨੂੰ ਬਚਾਉਂਦਾ ਹੈ। ਹੁਣ ਆਪਣੇ ਪੈਰਾਂ ਤੇ ਖੜ੍ਹੇ ਹੋਵੋ, ਇਹ ਸਹੀ ਹੈ, ਅਤੇ ਸਿੱਧਾ ਸ਼ਰੋਤਿਆਂ ਵੱਲ ਦੇਖੋ। ਤੁਸੀਂ ਸਾਰੇ ਛੋਟੇ ਮੁੰਡੇ ਅਤੇ ਕੁੜੀਆਂ ਜੋ ਯਿਸੂ ਨੂੰ ਪਿਆਰ ਕਰਦੇ ਹੋ, ਖੜ੍ਹੇ ਹੋਵੋ ਅਤੇ ਕਲੀਸਿਯਾ ਵੱਲ ਵੇਖੋ, ਤੁਹਾਡੇ ਵਿੱਚੋਂ ਹਰ ਇੱਕ।

217 ਇੱਥੇ ਤੁਹਾਡੇ ਸਾਹਮਣੇ ਛੋਟੀਆਂ ਕੁੜੀਆਂ ਬਾਰੇ ਕੀ ਹੈ? ਕੀ ਤੁਸੀਂ ਵਿਸ਼ਵਾਸ ਕਰਦੀਆਂ ਹੋ? ਕੀ ਤੁਸੀਂ ਯਿਸੂ ਨੂੰ ਪਿਆਰ ਕਰਦੀਆਂ ਹੋ? ਇੱਥੇ ਇਹ ਛੋਟੀਆਂ ਕੁੜੀਆਂ, ਕੀ ਤੁਸੀਂ ਯਿਸੂ ਨੂੰ ਆਪਣੇ ਪੂਰੇ ਦਿਲ ਨਾਲ ਪਿਆਰ ਕਰਦੀਆਂ ਹੋ? ਕੀ ਤੁਸੀਂ? ਕੀ ਤੁਸੀਂ ਉਸਨੂੰ ਪਿਆਰ ਕਰਦੀਆਂ ਹੋ? ਤੂੰ ਉਸਨੂੰ ਪਿਆਰ ਕਰਦੀ ਹੈਂ, ਪਿਆਰੀ? ਇੱਥੇ ਖੜ੍ਹੇ ਹੋਵੋ, ਲੋਕਾਂ ਨੂੰ ਦੱਸੋ ਕਿ

ਤੁਸੀਂ ਯਿਸੂ ਨੂੰ ਪਿਆਰ ਕਰਦੇ ਹੋ। ਪਰਮੇਸ਼ੁਰ ਤੁਹਾਨੂੰ ਬਰਕਤ ਦਵੇ।

218 ਚਲੋ ਹੁਣ *ਇਸ* ਪਾਸੇ ਵੱਲ ਮੁੜੀਏ ਅਤੇ ਜਾਣ ਤੋਂ ਪਹਿਲਾਂ ਇਹਨਾਂ ਲੋਕਾਂ ਲਈ ਗਾਈਏ, "ਯਿਸੂ ਮੈਨੂੰ ਪਿਆਰ ਕਰਦਾ ਹੈ! ਇਹ ਮੈਂ ਜਾਣਦਾ ਹਾਂ, ਬਾਈਬਲ ਮੈਨੂੰ ਇਹ ਦੱਸਦੀ ਹੈ।" ਸਮਝੇ? ਆਓ ਬਸ ਆਪਣੇ ਹੱਥ ਖੜ੍ਹੇ ਕਰੀਏ ਜਦ ਅਸੀਂ ਇਸਨੂੰ ਹੁਣ ਗਾਉਂਦੇ ਹਾਂ। ਠੀਕ ਹੈ, ਆਓ ਇਸਨੂੰ ਗਾਈਏ।

ਯਿਸੂ ਮੈਨੂੰ ਪਿਆਰ ਕਰਦਾ ਹੈ! ਮੈਂ ਇਹ ਜਾਣਦਾ ਹਾਂ,
ਕਿਉਂਕਿ ਬਾਈਬਲ ਮੈਨੂੰ ਇਹ ਦੱਸਦੀ ਹੈ;
ਛੋਟੇ ਬੱਚੇ ਉਸ ਦੇ ਹਨ,
ਉਹ ਕਮਜ਼ੋਰ ਹਨ...

219 ਹੁਣ ਆਪਣੇ ਹੱਥ ਉੱਪਰ ਰੱਖੋ...?...ਅਸੀਂ ਸਾਰੇ ਇਕੱਠੇ:

ਹਾਂ, ਯਿਸੂ ਮੈਨੂੰ ਪਿਆਰ ਕਰਦਾ ਹੈ,
ਹਾਂ, ਯਿਸੂ ਮੈਨੂੰ ਪਿਆਰ ਕਰਦਾ ਹੈ,
ਹਾਂ, ਯਿਸੂ ਮੈਨੂੰ ਪਿਆਰ ਕਰਦਾ ਹੈ,
ਬਾਈਬਲ ਮੈਨੂੰ ਇਸ ਤਰ੍ਹਾਂ ਦੱਸਦੀ ਹੈ।

220 ਹੁਣ ਤੁਸੀਂ ਸਾਰੇ ਮੇਰੇ ਬਾਅਦ ਦੁਹਰਾਓ: ਮੈਂ ਵਿਸ਼ਵਾਸ ਕਰਦਾ ਹਾਂ ਕਿ ਯਿਸੂ ਮਸੀਹ ਪਰਮੇਸ਼ੁਰ ਦਾ ਪੁੱਤਰ ਹੈ। ਅੱਜ, ਮੈਂ ਉਸਨੂੰ ਆਪਣੇ ਨਿੱਜੀ ਮੁਕਤੀਦਾਤਾ ਵਜੋਂ ਸਵੀਕਾਰ ਕਰਦਾ ਹਾਂ। ਇਸ ਦਿਨ ਤੋਂ, ਹੁਣ ਤੋਂ ਲੈ ਕੇ, ਮੈਂ ਉਸਨੂੰ ਪਿਆਰ ਕਰਾਂਗਾ ਅਤੇ ਉਸਦੀ ਸੇਵਾ ਕਰਾਂਗਾ। ਆਮੀਨ।

221 [ਭਾਈ ਬੇਨ ਬ੍ਰਾਇਨਟ ਕਹਿੰਦਾ ਹੈ, "ਭਾਈ ਬ੍ਰਨਹਾਮ, ਮੇਰੇ ਦਿਲ ਵਿੱਚ ਇਸ ਸਮੇਂ ਚਾਰ ਬੱਚੇ ਹਨ। ਕੀ ਤੁਸੀਂ ਕਿਰਪਾ ਕਰਕੇ ਉਨ੍ਹਾਂ ਲਈ ਪ੍ਰਾਰਥਨਾ ਕਰੋਗੇ?"—ਸੰਪਾ.] ਯਕੀਨਨ, ਭਾਈ ਬੇਨ।

222 ਸਵਰਗੀ ਪਿਤਾ, ਇਹ ਆਦਮੀ ਦੇਖ ਰਿਹਾ ਹੈ ਕਿ ਹੋਰ ਛੋਟੇ ਬੱਚੇ ਮਸੀਹ ਕੋਲ ਆ ਰਹੇ ਹਨ, ਅਤੇ ਉਹ ਆਪਣੇ ਛੋਟੇ ਬੱਚਿਆਂ ਲਈ ਪਿਤਾ ਵਾਂਗ ਪੁਕਾਰਦਾ ਹੈ। ਅਤੇ ਜਿਸ ਆਤਮਾ ਨੇ ਇਨ੍ਹਾਂ ਛੋਟਿਆਂ ਬੱਚਿਆਂ ਨੂੰ ਜਗਵੇਦੀ ਉੱਤੇ ਲਿਆਂਦਾ ਹੈ, ਉਹੀ ਆਤਮਾ ਉਸਦੇ ਬੱਚਿਆਂ ਨੂੰ ਬਚਾਵੇ, ਪ੍ਰਭੂ। ਇਹ ਬਖਸ਼ ਦਿਓ। ਅਸੀਂ ਉਨ੍ਹਾਂ ਨੂੰ ਤੁਹਾਨੂੰ ਸੌਂਪਦੇ ਹਾਂ, ਪਿਤਾ, ਯਿਸੂ ਮਸੀਹ ਦੇ ਨਾਮ ਵਿੱਚ।

223 ਹੁਣ ਜਦੋਂ ਤੁਸੀਂ ਛੋਟੇ ਬੱਚੇ ਆਪਣੀ ਜਗ੍ਹਾ ਤੇ ਵਾਪਸ ਜਾ ਰਹੇ ਹੋ, ਮੈਂ ਚਾਹੁੰਦਾ ਹਾਂ ਕਿ ਉਸ ਕਤਾਰ ਵਿੱਚ ਹਰ ਕੋਈ ਇਨ੍ਹਾਂ ਛੋਟੇ ਬੱਚਿਆਂ ਨਾਲ ਹੱਥ ਮਿਲਾਏ, ਜਾਂ ਜਦੋਂ ਉਹ ਵਾਪਸ ਜਾਂਦੇ ਹਨ ਤਾਂ ਉਨ੍ਹਾਂ ਨੂੰ ਥਾਪੀ ਦੇਵੇ। ਤੁਸੀਂ

ਸਾਰੇ ਆਪਣੀ ਜਗ੍ਹਾ ਤੇ ਵਾਪਸ ਜਾਓ, *ਇਸ* ਪਾਸਿਓਂ। ਅਤੇ ਉੱਥੇ ਹਰ ਕਿਸੇ ਨੂੰ ਛੋਟੇ ਸਾਥੀਆਂ ਨੂੰ ਥਾਪੀ ਦੇਣ ਦਿਓ। ਅਤੇ ਅਸੀਂ ਤੁਹਾਨੂੰ ਆਪਣੇ ਪੂਰੇ ਦਿਲ ਤੋਂ ਪਿਆਰ ਕਰਦੇ ਹਾਂ। ਤੁਸੀਂ ਮਸੀਹ ਦੇ ਦੇਹ ਦੇ ਅੰਗ ਹੋ, ਉਸੇ ਤਰ੍ਹਾਂ ਜਿਵੇਂ ਅਸੀਂ ਬਾਕੀ ਸਾਰੇ ਹਾਂ।

ਅਸੀਂ ਸੀਯੋਨ ਵੱਲ ਵੱਧ ਰਹੇ ਹਾਂ,
ਸੁੰਦਰ, ਸੁੰਦਰ ਸੀਯੋਨ;
ਅਸੀਂ ਸੀਯੋਨ ਵੱਲ ਵਧ ਰਹੇ ਹਾਂ,
ਪਰਮੇਸੁਰ ਦਾ ਉਹ ਸੁੰਦਰ ਸ਼ਹਿਰ।

ਆਓ, ਅਸੀਂ ਜਿਹੜੇ ਪ੍ਰਭੂ ਨੂੰ ਪਿਆਰ ਕਰਦੇ ਹਾਂ,
ਅਤੇ ਸਾਡੀਆਂ ਖੁਸ਼ੀਆਂ ਨੂੰ ਜਾਹਰ ਹੋਣ ਦਿਓ,
ਮਿੱਠੀ ਸੰਗਤੀ ਨਾਲ ਗੀਤ ਵਿੱਚ ਸ਼ਾਮਲ ਹੋਵੋ,
ਮਿੱਠੀ ਸੰਗਤੀ ਨਾਲ ਗੀਤ ਵਿੱਚ ਸ਼ਾਮਲ ਹੋਵੋ,
ਅਤੇ ਇਸ ਤਰ੍ਹਾਂ ਸਿੰਘਾਸਣ ਨੂੰ ਘੇਰ ਲਓ,
ਅਤੇ ਇਸ ਤਰ੍ਹਾਂ ਘੇਰ...

ਇਹ ਬਹੁਤ ਵਧੀਆ ਗਾਇਕੀ ਹੈ! ਆਓ ਹੁਣ ਆਪਣੇ ਹੱਥ ਖੜੇ ਕਰੀਏ।

ਅਸੀਂ ਸੀਯੋਨ ਵੱਲ ਵੱਧ ਰਹੇ ਹਾਂ,
ਸੁੰਦਰ, ਸੁੰਦਰ ਸੀਯੋਨ;
ਅਸੀਂ ਸੀਯੋਨ ਵੱਲ ਵਧ ਰਹੇ ਹਾਂ,
ਪਰਮੇਸ਼ੁਰ ਦਾ ਉਹ ਸੁੰਦਰ ਸ਼ਹਿਰ।

ਆਓ ਹੁਣ ਗਾਉਂਦੇ ਸਮੇਂ ਇੱਕ ਦੂਜੇ ਨਾਲ ਹੱਥ ਮਿਲਾਈਏ।

ਅਸੀਂ ਸੀਯੋਨ ਵੱਲ ਵੱਧ ਰਹੇ ਹਾਂ,
ਸੁੰਦਰ, ਸੁੰਦਰ ਸੀਯੋਨ;
ਅਸੀਂ ਸੀਯੋਨ ਵੱਲ ਵਧ ਰਹੇ ਹਾਂ,
ਪਰਮੇਸ਼ੁਰ ਦਾ ਉਹ ਸੋਹਣਾ ਸ਼ਹਿਰ।

224 ਆਓ ਹੁਣ ਸਿਰ ਝੁਕਾ ਕੇ ਖੜੇ ਹੋਈਏ, ਜਦੋਂ ਅਸੀਂ...ਇਸ ਨੂੰ ਵਜਾਓ ਭਾਈ ਟੇਡੀ, ਬੱਸ ਇੱਕ...

225 ਮੇਰੇ ਕੋਲ ਇੱਥੇ ਕੁਝ ਬੇਨਤੀਆਂ, ਅਤੇ ਰੁਮਾਲ ਆਦਿ ਹਨ। ਉਹ ਸ਼ਾਇਦ ਵਿਦੇਸ਼ਾਂ ਤੋਂ ਆਏ ਹੋਏ ਹਨ। ਬਿਲੀ ਮੈਨੂੰ ਦੱਸ ਰਿਹਾ ਸੀ ਕਿ ਉਨ੍ਹਾਂ ਕੋਲ ਇੰਗਲੈਂਡ ਵਿੱਚ ਇੱਕ ਛੋਟੇ ਬੱਚੇ ਦੇ ਬੂਟਾਂ ਦੀ ਇੱਕ ਛੋਟੀ ਜਿਹੀ ਜੋੜੀ ਸੀ, ਲਗਭਗ *ਇੰਨੇ* ਲੰਮੇ, ਛੋਟੀ ਚੀਜ਼ ਅਪਾਹਜ ਹੈ। ਅਤੇ ਇਸ ਲਈ ਸਾਨੂੰ ਉਸ ਲਈ ਵੀ ਪ੍ਰਾਰਥਨਾ ਕਰਨੀ ਸੀ।

226 ਅਤੇ ਤਾਂ…[ਭਾਈ ਬੇਨ ਬ੍ਰਾਇਨਟ ਕਹਿੰਦੇ ਹਨ, “ਭਾਈ ਬ੍ਰਨਹਾਮ, ਕਿਰਪਾ ਕਰਕੇ ਮੈਨੂੰ ਪਰੇਸ਼ਾਨ ਕਰਨ ਲਈ ਮਾਫ ਕਰੋ, ਪਰ ਪ੍ਰਾਰਥਨਾ ਕਰੋ ਕਿ, ਜਿਸ ਨੇ ਕੱਲ੍ਹ ਰਾਤ ਸਾਡੀ ਕਾਰ ਨੂੰ ਟੱਕਰ ਮਾਰੀ ਸੀ, ਅਗਲੇ ਪਾਸੇ, ਪ੍ਰਾਰਥਨਾ ਕਰੋ ਕਿ ਉਹ ਪ੍ਰਗਟ ਹੋ ਜਾਵੇ। ਪ੍ਰਾਰਥਨਾ ਕਰੋ ਕਿ ਪ੍ਰਭੂ ਇਸ ਨੂੰ ਪ੍ਰਗਟ ਕਰੇ।”—ਸੰਪਾ.] ਆਮੀਨ, ਭਾਈ ਬੇਨ, ਮੈਂ ਯਕੀਨਨ ਇਹ ਕਰਾਂਗਾ। [ਭਾਈ ਬ੍ਰਨਹਾਮ ਗੁਣਗੁਣਾਉਂਦੇ ਹਨ *ਅਸੀਂ ਸੀਯੋਨ ਵੱਲ ਜਾ ਰਹੇ ਹਾਂ*।]

227 ਜਦ ਅਸੀਂ ਜਾ ਰਹੇ ਹਾਂ, ਪ੍ਰਭੂ, ਅਸੀਂ ਜਾਣਦੇ ਹਾਂ ਕਿ ਮਾਰੀ ਹੋਈ ਚੱਟਾਨ ਠੀਕ ਸਾਡੇ ਨਾਲ ਹੈ, ਚੱਟਾਨ ਤੋਂ ਜਲ ਦੀ ਸਦੀਵੀ-ਮੌਜੂਦਗੀ ਕਲੀਸਿਯਾ ਦੇ ਨਾਲ ਰਹਿੰਦੀ ਹੈ। ਹੇ ਅਨੰਤ ਪਰਮੇਸ਼ੁਰ, ਅੱਜ ਸਵੇਰੇ, ਸਾਡੇ ਲਈ ਇਸ ਨੂੰ ਖੋਲ ਦਿਓ, ਇਸ ਵਿੱਚ ਵਿਸ਼ਵਾਸ ਕਿ ਪਰਮੇਸ਼ੁਰ ਸਾਡੇ ਨਾਲ ਹੈ। ਮੈਂ ਜਾਣਦਾ ਹਾਂ ਕਿ ਤੁਸੀਂ ਕਰੋਗੇ, ਬਸ ਜਿਵੇਂ ਅਸੀਂ ਤੁਹਾਡੇ ਤੋਂ ਕਿਰਪਾ ਪਾ ਸਕਦੇ ਹਾਂ, ਕਿ ਤੁਸੀਂ ਇਸ ਨਾਲ ਸਾਡੇ ਤੇ ਭਰੋਸਾ ਕਰ ਸਕਦੇ ਹੋ। ਜੇਕਰ ਤੁਸੀਂ ਸਾਨੂੰ ਇਹ ਭਰਪੂਰ ਮਾਤਰਾ ਵਿੱਚ ਦਿੰਦੇ ਹੋ, ਤਾਂ ਅਸੀਂ ਇਸਦੀ ਦੁਰਵਰਤੋਂ ਕਰ ਸਕਦੇ ਹਾਂ, ਪ੍ਰਭੂ। ਪਰ ਜੇ ਅਸੀਂ ਤੁਹਾਡੇ ਤੋਂ ਕਿਰਪਾ ਪਾਉਂਦੇ ਹਾਂ, ਤਾਂ ਇਹ ਹੋਣ ਦਿਓ।

228 ਸਾਡੇ ਭਾਈ ਨੇ ਕਿਹਾ ਕਿ ਕਿਸੇ ਨੇ ਉਸਦੀ ਕਾਰ ਨੂੰ ਟੱਕਰ ਮਾਰ ਦਿੱਤੀ ਹੈ। ਹੇ ਪਰਮੇਸ਼ੁਰ, ਅਸੀਂ ਜਾਣਦੇ ਹਾਂ ਕਿ ਆਦਮੀ ਕੋਲ ਇਹ ਕੰਮ ਕਰਨ ਲਈ ਪੈਸੇ ਨਹੀਂ ਹਨ। ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਉਸ ਆਦਮੀ ਨੂੰ ਸਜ਼ਾ ਦੇ ਅਧੀਨ ਲਿਆਓਗੇ, ਜਾਂ ਕੁਝ ਅਜਿਹਾ, ਤਾਂ ਜੋ ਉਸ ਨੂੰ ਇਹ ਕਰਨ ਤੋਂ ਪਛਤਾਵਾ ਹੋਵੇ, ਉਹ ਆਵੇ, ਆਖੇ, “ਭਾਈ, ਮੈਂ ਤੁਹਾਡੀ ਕਾਰ ਨੂੰ ਠੀਕ ਕਰ ਦਿਆਂਗਾ, ਮੈਂ ਇਹ ਕੀਤਾ ਹੈ।” ਭਾਈ ਬੇਨ ਅਤੇ ਉਸ ਦੇ ਅਜ਼ੀਜ਼ਾਂ ਦੀ ਮਦਦ ਕਰੋ।

229 ਏਥੇ ਮੇਰੇ ਹੱਥ ਵਿੱਚ ਰੁਮਾਲ ਤੇ ਬੇਨਤੀਆਂ ਰੱਖੀਆਂ ਹੋਈਆਂ ਹਨ, ਉਸ ਪਰਮੇਸ਼ੁਰ ਵਿੱਚ ਵਿਸ਼ਵਾਸ ਹੈ। ਮੂਸਾ ਕੋਲ ਉਸ ਪਰਮੇਸ਼ੁਰ ਵਿਚ ਵਿਸ਼ਵਾਸ ਸੀ, ਅਤੇ ਉਸ ਨੇ ਸਮੁੰਦਰ ਪਾਰ ਕਰ ਲਿਆ। ਦਾਨੀਏਲ ਨੂੰ ਉਸ ਪਰਮੇਸ਼ੁਰ ਵਿੱਚ ਵਿਸ਼ਵਾਸ ਸੀ, ਅਤੇ ਉਸ ਨੂੰ ਸ਼ੇਰਾਂ ਦੀ ਗੁਫ਼ਾ ਵਿੱਚੋਂ ਬਾਹਰ ਲਿਆਂਦਾ ਗਿਆ ਸੀ। ਸ਼ਦਰਕ, ਮੇਸ਼ਕ ਅਤੇ ਅਬੇਦਨਗੋ ਨੇ ਉਸ ਵਿੱਚ ਵਿਸ਼ਵਾਸ ਕੀਤਾ, ਅਤੇ ਅੱਗ ਨੂੰ ਬੁਝਾਇਆ ਗਿਆ।

230 ਪੌਲੁਸ ਨੂੰ ਉਸ ਵਿੱਚ ਵਿਸ਼ਵਾਸ ਸੀ, ਅਤੇ ਇੱਕ ਦਿਨ ਜਦੋਂ ਸਭਾਵਾਂ ਅਸਲ ਵਿੱਚ ਮੁਸ਼ਕਲ ਸਨ ਅਤੇ ਪੌਲੁਸ ਹਰ ਕਿਸੇ ਤੱਕ ਨਹੀਂ ਪਹੁੰਚ ਸਕਦਾ ਸੀ, ਉਸਨੇ ਬਸ ਇੱਕ ਰੁਮਾਲ ਲਿਆ, ਉਸਨੇ ਕਿਹਾ, “ਮੈਨੂੰ ਵਿਸ਼ਵਾਸ ਹੈ ਕਿ ਪਰਮੇਸ਼ੁਰ ਮੇਰੇ ਨਾਲ ਹੈ।” ਉਸਨੇ ਰੁਮਾਲਾਂ ਅਤੇ ਪਟਕਿਆਂ ਉੱਤੇ ਆਪਣੇ

ਹੱਥ ਰੱਖੇ, ਅਤੇ ਲੋਕਾਂ ਵਿੱਚੋਂ ਦੁਸ਼ਟ ਆਤਮਾਵਾਂ ਚਲੀਆਂ ਗਈਆਂ, ਅਤੇ ਬਿਮਾਰੀਆਂ ਅਤੇ ਰੋਗ ਉਨ੍ਹਾਂ ਤੋਂ ਦੂਰ ਹੋ ਗਏ। ਪਰਮੇਸ਼ੁਰ, ਮੈਨੂੰ ਉਸੇ ਪਰਮੇਸ਼ੁਰ ਵਿੱਚ ਵਿਸ਼ਵਾਸ਼ ਹੈ। ਹੋਣ ਦੇ ਕਿ ਬੁਰਾਈ ਦੂਰ ਹੋਵੇ। ਬੀਮਾਰੀਆਂ, ਰੋਗ ਅਤੇ ਦੁੱਖ ਦੂਰ ਹੋ ਜਾਣ, ਪ੍ਰਭੂ।

231 ਤੁਸੀਂ ਉਹੀ ਪਰਮੇਸ਼ੁਰ ਹੋ ਜਿਸਨੇ ਮੇਰੇ ਨਾਲ ਉਸ ਅੱਗ ਦੇ ਥੰਮ੍ਹ ਵਿੱਚ, ਨਦੀ ਦੇ ਕੋਲ ਗੱਲ ਕੀਤੀ ਸੀ। ਤੁਸੀਂ ਉਹੀ ਹੋ ਜਿਸਨੇ ਆਪਣੀ ਤਸਵੀਰ ਮੇਰੇ ਨਾਲ, ਕੰਧ ਤੇ ਲਟਕਾਈ ਹੋਈ ਹੈ। ਤੁਸੀਂ ਸਾਡੇ ਨਾਲ ਹੋ, ਪ੍ਰਭੂ। ਤੁਸੀਂ ਸਦਾ-ਮੌਜੂਦ ਹੋ, ਉਹੀ ਅੱਗ ਦਾ ਥੰਮ੍ਹ। ਅਤੇ ਅਸੀਂ ਹਰ ਰੋਜ਼ ਚੱਟਾਨ ਤੋਂ ਜਲ ਦਾ ਆਨੰਦ ਮਾਣਿਆ ਹੈ, ਜਦ ਅਸੀਂ ਆਤਮਾ ਵਿੱਚ ਸ਼ਾਮਲ ਹੁੰਦੇ ਹਾਂ। ਫਿਰ, ਤੁਸੀਂ ਇੱਥੇ ਹੋ। ਸਾਨੂੰ ਤੁਹਾਡੇ ਵਿੱਚ ਭਰੋਸਾ ਹੈ, ਪ੍ਰਭੂ। ਸਾਨੂੰ ਤੁਹਾਡੇ ਵਿੱਚ ਵਿਸ਼ਵਾਸ ਹੈ। ਸਾਨੂੰ ਵਿਸ਼ਵਾਸ ਹੈ ਕਿ ਤੁਸੀਂ ਸਾਨੂੰ ਮਸਹ ਕਰੋਗੇ ਅਤੇ ਸਾਡੀ ਮਦਦ ਕਰੋਗੇ। ਸਾਡੀ ਮਹਿਮਾ ਲਈ ਨਹੀਂ, ਪ੍ਰਭੂ; ਅਸੀਂ ਉਦੋਂ ਮੂਸਾ ਵਰਗੇ ਹੋਵਾਂਗੇ, ਜਦੋਂ ਉਸਨੇ ਗਲਤ ਕੰਮ ਕੀਤਾ ਸੀ। ਅਸੀਂ ਤੁਹਾਡੀ ਮਦਦ ਕਰਨ ਲਈ ਕੁਝ ਕਰਨਾ ਚਾਹੁੰਦੇ ਹਾਂ, ਪ੍ਰਭੂ। ਇਹ ਸਾਡੇ ਦਿਲ ਦਾ ਇਰਾਦਾ ਹੈ, ਤੁਹਾਡੀ ਮਦਦ ਕਰਨਾ, ਜੇ ਅਸੀਂ ਇਹ ਕਰ ਸਕੀਏ। ਤੁਸੀਂ ਸਾਨੂੰ ਦਿਖਾਓ, ਪਿਤਾ, ਜੋ ਕੁਝ ਤੁਸੀਂ ਚਾਹੁੰਦੇ ਹੋ ਕਿ ਅਸੀਂ ਕਰੀਏ।

232 ਅਤੇ ਹੁਣ, ਵਿਸ਼ਵਾਸ ਦੇ ਇੱਕ ਕੰਮ ਤੇ, ਮੈਂ ਉਸ ਬਿਮਾਰੀ ਨੂੰ ਝਿੜਕਦਾ ਹਾਂ ਜੋ ਇਹ ਰੁਮਾਲ ਦਰਸਾਉਂਦੇ ਹਨ, ਅਤੇ ਇਹ ਬੇਨਤੀਆਂ। ਉਹ ਲੋਕਾਂ ਨੂੰ ਛੱਡ ਦੇਣ। ਮੈਂ ਜਾਣਦਾ ਹਾਂ ਕਿ ਤੁਸੀਂ ਇਹ ਕਰੋਗੇ, ਪ੍ਰਭੂ। ਮੈਨੂੰ ਵਿਸ਼ਵਾਸ ਹੈ, ਮੇਰੇ ਦਿਲ ਵਿੱਚ, ਕਿ ਤੁਸੀਂ ਇਹ ਕਰੋਗੇ। ਅੱਜ ਸਵੇਰੇ ਸਾਡੇ ਵਿਚਲੀਆਂ ਸਾਰੀਆਂ ਬਿਮਾਰੀਆਂ ਤੋਂ ਚੰਗਾ ਕਰੋ।

233 ਉਨ੍ਹਾਂ ਨੂੰ ਬਚਾਓ ਜਿਨ੍ਹਾਂ ਨੇ ਆਪਣੇ ਹੱਥ ਖੜ੍ਹੇ ਕੀਤੇ, ਜਿਨ੍ਹਾਂ ਨੇ ਕਿਹਾ ਕਿ ਉਹ ਜਲ ਲਈ, ਚੱਟਾਨ ਕੋਲ ਆਉਣਾ ਚਾਹੁੰਦੇ ਹਨ। ਪਰਮੇਸ਼ੁਰ, ਹੋਣ ਦੇ ਕਿ ਉਹ ਅੱਜ ਇੰਨੇ ਪਿਆਸੇ ਹੋਣ, ਉਹਨਾਂ ਦੇ ਆਲੇ ਦੁਆਲੇ ਅਜਿਹੀ ਨਮਕੀਨ ਜ਼ਿੰਦਗੀ ਹੋਵੇ, ਏਥੋਂ ਤੱਕ ਕਿ ਇਹ ਉਹਨਾਂ ਨੂੰ ਮਸੀਹ ਲਈ ਪਿਆਸੇ ਬਣਾ ਦਵੇ। ਇਸ ਨੂੰ ਬਖਸ਼ ਦਿਓ।

234 ਅੱਜ ਰਾਤ ਸਾਡੇ ਨਾਲ ਰਹੋ, ਪਿਤਾ। ਹੇ ਪਰਮੇਸ਼ੁਰ, ਮੈਨੂੰ ਇਹਨਾਂ ਬੇਨਤੀਆਂ ਦੁਆਰਾ, ਲੋਕਾਂ ਦੇ ਦਿਲਾਂ ਵਿੱਚ ਕੀ ਹੈ ਇਹ ਪਤਾ ਲਗਾਉਣ ਦਿਓ। ਜੇ ਉਹਨਾਂ ਦੇ ਦਿਲ ਵਿੱਚ ਕੁਝ ਨਹੀਂ ਹੈ, ਤਾਂ, ਪ੍ਰਭੂ, ਤੁਸੀਂ ਮੈਨੂੰ ਅੱਜ ਰਾਤ ਉਹਨਾਂ ਦੇ ਦਿਲਾਂ ਨੂੰ ਪ੍ਰਚਾਰ ਕਰਨ ਲਈ ਕੁਝ ਦਿਓ।

235 ਸਾਡੇ ਭਾਈ ਨੇਵਿਲ, ਅਤੇ ਉਸਦੀ ਪਤਨੀ, ਉਸਦੇ ਪਰਿਵਾਰ ਨੂੰ ਅਸੀਸ

ਦਿਓ; ਸਾਡੀ ਛੋਟੀ ਜਿਹੀ ਕਲੀਸਿਯਾ, ਸਾਡੇ ਟਰੱਸਟੀ, ਸਾਡੇ ਡੀਕਨ, ਸਾਡੇ ਮੈਂਬਰ। ਅਤੇ ਤੁਹਾਡੀ ਦੇਹ ਜੋ ਹਰ ਕਿਤੇ ਹੈ, ਸਾਡੇ ਨਾਲ ਰਹੋ, ਪਿਤਾ। ਅਸੀਂ ਇਸਨੂੰ ਯਿਸੂ ਮਸੀਹ ਦੇ ਨਾਮ ਵਿੱਚ, ਤੁਹਾਡੇ ਹੱਥ ਸੌਂਪਦੇ ਹਾਂ।

...ਸੀਯੋਨ;
ਅਸੀਂ ਸੀਯੋਨ ਵੱਲ ਵਧ ਰਹੇ ਹਾਂ,
ਪਰਮੇਸ਼ੁਰ ਦੀ ਸੁੰਦਰ ਨਗਰੀ।

ਆਉ ਹੁਣੇ ਇਸਨੂੰ ਗਾਈਏ, ਅਸਲ ਵਿੱਚ, ਅਸਲ ਵਿੱਚ ਉਸਦੇ ਲਈ। ਸਮਝੇ?

ਆਓ, ਅਸੀਂ ਜਿਹੜੇ ਪ੍ਰਭੂ ਨੂੰ ਪਿਆਰ ਕਰਦੇ ਹਾਂ,
ਅਤੇ ਸਾਡੀਆਂ ਖੁਸ਼ੀਆਂ ਨੂੰ ਜਾਹਰ ਹੋਣ ਦੇਈਏ,
ਮਿੱਠੀ ਸੰਗਤੀ ਦੇ ਗੀਤ ਵਿੱਚ ਸ਼ਾਮਲ ਹੋਵੋ,
ਮਿੱਠੀ ਸੰਗਤੀ ਦੇ ਗੀਤ ਵਿੱਚ ਸ਼ਾਮਲ ਹੋਵੋ,
ਅਤੇ ਇਸ ਤਰ੍ਹਾਂ ਸਿੰਘਾਸਣ ਨੂੰ ਘੇਰ ਲਓ,
ਅਤੇ ਇਸ ਤਰ੍ਹਾਂ ਸਿੰਘਾਸਣ ਨੂੰ ਘੇਰ ਲਓ,

ਹੁਣ ਸਾਡੇ ਝੁਕੇ ਹੋਏ ਦਿਲਾਂ ਨਾਲ।

ਅਸੀਂ ਸੀਯੋਨ ਵੱਲ ਵੱਧ ਰਹੇ ਹਾਂ,
ਸੁੰਦਰ, ਸੁੰਦਰ ਸੀਯੋਨ;
ਅਸੀਂ ਸੀਯੋਨ ਵੱਲ ਵਧ ਰਹੇ ਹਾਂ,
ਪਰਮੇਸ਼ੁਰ ਦੀ ਸੁੰਦਰ ਨਗਰੀ।

61-0723M ਚਟਾਨ ਤੋਂ ਸਦਾ-ਮੁਹੱਈਆ ਹੋਣ ਵਾਲਾ ਜਲ
ਬ੍ਰਾਨਹਾਮ ਟੇਬਰਨੇਕਲ
ਜੈਫਰਸਨਵਿਲੇ, ਇੰਡੀਆਨਾ ਸੰਯੁਕਤ ਰਾਜ ਅਮਰੀਕਾ

PUNJABI

©2024 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

ਕਾਪੀਰਾਈਟ ਨੋਟਿਸ

ਸਾਰੇ ਹੱਕ ਰਾਖਵੇਂ ਹਨ । ਇਹ ਕਿਤਾਬ ਨਿਜੀ ਵਰਤੋਂ ਜਾਂ ਯਿਸੂ ਮਸੀਹ ਦੇ ਸ਼ੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਿੰਟਰ ਤੇ ਛਾਪੀ ਜਾ ਸਕਦੀ ਹੈ । ਇਹ ਕਿਤਾਬ ਵੋਇਸ ਆਫ ਗੋਡ ਰਿਕਾਰਡਿੰਗਜ® ਵਲੋਂ ਲਿਖਤੀ ਇਜ਼ਾਜ਼ਤ ਦੇ ਬਿਨਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਿਸੇ ਵੈਬਸਾਈਟ ਤੇ ਪੋਸਟ, ਕਿਸੇ ਰੀਟਰੀਵਲ ਸਿਸਟਮ ਤੇ ਸਟੋਰ, ਕਿਸੇ ਹੋਰ ਭਾਸ਼ਾ ਵਿੱਚ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ ।

ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਿਰਪਾ ਕਰੇ ਸੰਪਰਕ ਕਰੋ:

Voice Of God Recordings, India Office
19 (New No: 28) Shenoy Road, Nungambakkam
Chennai 600 034, India
044 28274560 • 044 28251791
india@vgroffice.org

Voice Of God Recordings
P.O. Box 950, Jeffersonville, Indiana 47131 U.S.A.
www.branham.org